ਪੰਜਾਬ ਸਰਕਾਰ

ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ,

ਅਨਾਜ ਭਵਨ ਸੈਕਟਰ-39 ਸੀ, ਚੰਡੀਗੜ੍ਹ।

(ਅੰਨ ਖਰੀਦ ਸ਼ਾਖਾ)

ਨੰਬਰ ਈ: 481126/2023/ਅ.ਖ-1/1065 ਮਿਤੀ ਚੰਡੀਗੜ੍ਹ:30.09.2023

ਸੇਵਾ ਵਿਚ,

1. ਡਿਪਟੀ ਡਾਇਰੈਕਟਰਜ਼ (ਫੀਲਡ),
ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ,
ਫਿਰੋਜ਼ਪੁਰ, ਜਲੰਧਰ ਅਤੇ ਪਟਿਆਲਾ, ਰੂਪਨਗਰ ਅਤੇ ਫਰੀਦਕੋਟ।

2. ਸਮੂਹ ਜਿਲ੍ਹਾ ਕੰਟਰੋਲਰਜ਼,
ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ,
ਪੰਜਾਬ ਰਾਜ ਵਿਚ।

**ਵਿਸ਼ਾ:- ਖਰੀਫ ਸੀਜ਼ਨ 2023-24 ਦੌਰਾਨ ਝੋਨੇ ਦੀ ਖਰੀਦ ਕਰਨ ਸਬੰਧੀ ਪਾਲਿਸੀ ਹਦਾਇਤਾਂ।**

ਹਵਾਲਾ ਉਪਰੋਕਤ ਵਿਸ਼ੇ ਦੇ ਸਬੰਧ ਵਿਚ।

2. ਆਪ ਨੂੰ ਖਰੀਫ ਸੀਜ਼ਨ 2023-24 ਦੌਰਾਨ ਰਾਜ ਵਿਚ ਸਰਕਾਰੀ ਏਜੰਸੀਆਂ ਵੱਲੋਂ ਖਰੀਦੇ ਜਾਣ ਵਾਲੇ ਝੋਨੇ ਸਬੰਧੀ ਤਿਆਰ ਕੀਤੀ ਗਈ ਖਰੀਦ ਪਾਲਿਸੀ ਇਸ ਪੱਤਰ ਨਾਲ ਨੱਥੀ ਕਰਕੇ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਸ ਪਾਲਿਸੀ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕਰਨ ਨੂੰ ਯਕੀਨੀ ਬਣਾਇਆ ਜਾਵੇ।

ਨੱਥੀ: ਉਕਤ ਅਨੁਸਾਰ।

ਅਡੀਸ਼ਨਲ ਮੈਨੇਜਿੰਗ ਡਾਇਰੈਕਟਰ,
ਪਨਗ੍ਰੇਨ।

ਪਿ:ਅੰ:ਨੰ: ਈ: 481126/2023/ਅ.ਖ-1/1066 ਮਿਤੀ ਚੰਡੀਗੜ੍ਹ:30.09.2023

ਉਪਰੋਕਤ ਦਾ ਇਕ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਵਿੱਤੀ ਕਮਿਸ਼ਨਰ (ਸਹਿਕਾਰਤਾ) ਪੰਜਾਬ, ਚੰਡੀਗੜ੍ਹ।
2. ਅਡੀਸ਼ਨਲ ਮੁੱਖ ਸਕੱਤਰ -ਕਮ-ਵਿੱਤੀ ਕਮਿਸ਼ਨਰ (ਵਿਕਾਸ) ਪੰਜਾਬ, ਚੰਡੀਗੜ੍ਹ।
3. ਪ੍ਰਮੁੱਖ ਸਕੱਤਰ/ਮਾਨਯੋਗ ਮੁੱਖ ਮੰਤਰੀ ਜੀ ਪੰਜਾਬ, ਚੰਡੀਗੜ੍ਹ।
4. ਮੈਨੇਜਿੰਗ ਡਾਇਰੈਕਟਰ, ਵੇਅਰ ਹਾਊਸ, ਪਨਸਪ, ਪਨਗਰੇਨ ਅਤੇ ਮਾਰਕਫੈਡ ਚੰਡੀਗੜ੍ਹ।
5. ਜਨਰਲ ਮੈਨੇਜਰ, ਐਫ.ਸੀ.ਆਈ (ਪੰਜਾਬ ਖੇਤਰ) ਸੈਕਟਰ-31,ਚੰਡੀਗੜ੍ਹ।
6. ਸਕੱਤਰ, ਪੰਜਾਬ ਮੰਡੀ ਬੋਰਡ, ਮੰਡੀ ਭਵਨ, ਸੈਕਟਰ-65 ਏ, ਐਸ.ਏ.ਐਸ ਨਗਰ।
7. ਡਾਇਰੈਕਟਰ, ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ, ਖੇਤੀ ਭਵਨ, ਫੇਸ-6, ਐਸ.ਏ.ਐਸ ਨਗਰ।
8. ਸਮੂਹ ਡਿਪਟੀ ਕਮਿਸ਼ਨਰਜ਼, ਪੰਜਾਬ ਰਾਜ ਵਿਚ।
9. ਕੰਟਰੋਲਰ (ਵਿੱਤ ਤੇ ਲੇਖਾ) ਮੁੱਖ ਦਫਤਰ।
10. ਅਡੀਸ਼ਨਲ ਡਾਇਰੈਕਟਰ (ਰਾਈਸ) ਮੁੱਖ ਦਫਤਰ।
11 ਜਨਰਲ ਮੈਨੇਜਰ (ਵਿੱਤ) ਪਨਗਰੇਨ, ਮੁੱਖ ਦਫਤਰ।
12. ਡਿਪਟੀ ਡਾਇਰੈਕਟਰ (ਸਟੋਰੇਜ਼) ਮੁੱਖ ਦਫਤਰ।

ਅਡੀਸ਼ਨਲ ਮੈਨੇਜਿੰਗ ਡਾਇਰੈਕਟਰ,
ਪਨਗ੍ਰੇਨ।

ਪਿ:ਅ:ਨੰ: ਈ 481126/2023/ਅ.ਖ-1/1067 ਮਿਤੀ ਚੰਡੀਗੜ੍ਹ: 30.09.2023

ਉਪਰੋਕਤ ਦਾ ਇਕ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:-

1. ਨਿੱਜੀ ਸਕੱਤਰ/ਮਾਨਯੋਗ ਖੁਰਾਕ ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ, ਪੰਜਾਬ, ਚੰਡੀਗੜ੍ਹ।
2. ਪੀ.ਏ/ ਸਕੱਤਰ, ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ, ਪੰਜਾਬ, ਚੰਡੀਗੜ੍ਹ।
3. ਨਿੱਜੀ ਸਹਾਇਕ/ਡਾਇਰੈਕਟਰ, ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ, ਪੰਜਾਬ, ਚੰਡੀਗੜ੍ਹ।

ਅਡੀਸ਼ਨਲ ਮੈਨੇਜਿੰਗ ਡਾਇਰੈਕਟਰ,
ਪਨਗਰੇਨ।

**ਪੰਜਾਬ ਸਰਕਾਰ**

**ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ,**

**ਅਨਾਜ ਭਵਨ, ਸੈਕਟਰ-39 ਸੀ, ਚੰਡੀਗੜ੍ਹ।**

**(ਅੰਨ ਖਰੀਦ ਸ਼ਾਖਾ)**

**(ਖਰੀਫ ਸੀਜ਼ਨ 2023-24 ਦੌਰਾਨ ਝੋਨੇ ਦੀ ਖਰੀਦ ਪਾਲਿਸੀ)**

ਖਰੀਫ ਸੀਜ਼ਨ 2023-24 ਦੌਰਾਨ ਝੋਨੇ ਦੀ ਖਰੀਦ ਦਾ ਸਮਾਂ ਮਿਤੀ 01.10.2023 ਤੋਂ 30.11.2023 ਤੱਕ ਹੋਵੇਗਾ। ਪੰਜਾਬ ਰਾਜ ਦੀਆਂ ਸਮੂਹ ਖਰੀਦ ਏਜੰਸੀਆਂ ਸਮੇਤ ਐਫ.ਸੀ.ਆਈ ਦੁਆਰਾ ਭਾਰਤ ਸਰਕਾਰ ਵੱਲੋਂ ਨਿਰਧਾਰਤ ਕੀਤੇ ਗਏ ਮਾਪਦੰਡਾਂ ਵਿੱਚ ਆਉਣ ਵਾਲੇ ਗਰੇਡ ਏ ਝੋਨੇ ਦੀ ਖਰੀਦ ਘੱਟੋ ਘੱਟ ਸਮਰਥਨ ਮੁੱਲ ਤੇ ਕੀਤੀ ਜਾਣੀ ਹੈ। ਸੀਜ਼ਨ ਦੌਰਾਨ ਸਾਰੀਆਂ ਖਰੀਦ ਏਜੰਸੀਆਂ ਦੇ ਸਮੂਹ ਅਧਿਕਾਰੀਆਂ ਅਤੇ ਖੇਤਰੀ ਅਮਲੇ, ਆੜ੍ਹਤੀਆਂ, ਮਿਲਰਾਂ ਅਤੇ ਹੋਰ ਹਿੱਸੇਦਾਰਾਂ ਆਦਿ ਲਈ ਹੇਠ ਦਰਸਾਏ ਦਿਸ਼ਾਂ ਨਿਰਦੇਸ਼ ਪਾਲਣਾ ਹਿੱਤ ਜਾਰੀ ਕੀਤੇ ਜਾਂਦੇ ਹਨ:-

1. **ਝੋਨੇ ਦਾ ਘੱਟੋ ਘੱਟ ਸਮਰਥਨ ਮੁੱਲ**

ਭਾਰਤ ਸਰਕਾਰ, ਖੁਰਾਕ ਤੇ ਵੰਡ ਮੰਤਰਾਲਾ ਨਵੀਂ ਦਿੱਲੀ ਵੱਲੋਂ ਖਰੀਫ ਸੀਜ਼ਨ 2023-24 ਦੌਰਾਨ ਖਰੀਦੇ ਜਾਣ ਵਾਲੇ ਝੋਨੇ ਦਾ ਘੱਟੋ ਘੱਟ ਸਮਰਥਨ ਮੁੱਲ ਹੇਠ ਅਨੁਸਾਰ ਨਿਸ਼ਚਿਤ ਕੀਤਾ ਗਿਆ ਹੈ:-

| Commodity | Variety | Minimum Support Price for KMS 2023-24 (Rs. Per Quintal) |
|---|---|---|
| Paddy | Common | 2183/- |
| | Grade A | 2203/- |

ਇਸ ਸਬੰਧ ਵਿੱਚ ਇਸ ਵਿਭਾਗ ਦੇ ਪੱਤਰ ਨੰਬਰ E-481126/2022/FP-1/878-879 Dated 30.06.2023 ਰਾਹੀਂ ਝੋਨੇ ਦੀ ਖਰੀਦ ਘੱਟੋ ਘੱਟ ਸਮਰਥਨ ਮੁੱਲ ਤੇ ਕਰਨ ਸਬੰਧੀ ਜਾਰੀ ਕੀਤੀਆਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ। ਮੰਡੀਆਂ ਵਿੱਚ ਕਿਸਾਨਾਂ ਵੱਲੋਂ ਲਿਆਂਦਾ ਗਿਆ ਜਿਹੜਾ ਝੋਨਾ ਭਾਰਤ ਸਰਕਾਰ ਦੁਆਰਾ ਨਿਰਧਾਰਤ/ਮਿੱਥੇ ਮਿਆਰਾਂ ਅਤੇ ਮਾਪਦੰਡਾਂ ਮੁਤਾਬਕ ਹੈ, ਨੂੰ ਸਬੰਧਤ ਖਰੀਦ ਏਜੰਸੀਆਂ ਵੱਲੋਂ ਭਾਰਤ ਸਰਕਾਰ ਦੁਆਰਾ ਨਿਰਧਾਰਤ ਕੀਤੇ ਗਏ ਘੱਟੋ ਘੱਟ ਸਮਰਥਨ ਮੁੱਲ ਤੇ ਖਰੀਦਿਆ ਜਾਵੇ ਅਤੇ ਕਿਸੇ ਵੀ ਹਾਲਤ ਵਿਚ ਘੱਟੋ ਘੱਟ ਸਮਰਥਨ ਮੁੱਲ ਤੋਂ ਘੱਟ ਰੇਟ ਤੇ ਨਾ ਵਿਕਣ ਦਿੱਤਾ ਜਾਵੇ।

2. **ਮੰਡੀਆਂ ਦੀ ਅਲਾਟਮੈਂਟ**

ਖਰੀਫ ਸੀਜ਼ਨ 2023-24 ਦੌਰਾਨ ਪੰਜਾਬ ਮੰਡੀ ਬੋਰਡ ਵੱਲੋਂ ਝੋਨੇ ਦੀ ਖਰੀਦ ਲਈ ਪੰਜਾਬ ਰਾਜ ਵਿੱਚ 1806 ਖਰੀਦ ਕੇਂਦਰ ਘੋਸ਼ਿਤ ਕੀਤੇ ਗਏ ਹਨ, ਜਿਸ ਸਬੰਧੀ ਇਸ ਦਫਤਰ ਵੱਲੋਂ ਪੱਤਰ ਨੰਬਰ **I/641434/2023** ਮਿਤੀ 12.09.2023 ਰਾਹੀਂ ਸਮੂਹ ਜਿਲ੍ਹਾ ਕੰਟਰੋਲਰਜ਼ ਨੂੰ ਸਮੂਹ ਖਰੀਦ ਏਜੰਸੀਆਂ ਵਿਚਕਾਰ ਖਰੀਦ ਕੇਂਦਰਾਂ ਦੀ ਅਲਾਟਮੈਂਟ ਕਰਨ ਲਈ ਲੋੜੀਂਦੀਆਂ ਤਜਵੀਜਾਂ ਭੇਜਣ ਲਈ ਲਿਖਿਆ ਜਾ ਚੁੱਕਾ ਹੈ। ਇਸ ਦੇ ਨਾਲ ਪੰਜਾਬ ਮੰਡੀ ਬੋਰਡ ਵੱਲੋਂ ਇਕ ਪਿੰਡ ਵਿੱਚ ਇਕ ਤੋਂ ਵੱਧ ਚਲਦੇ 48 ਘੋਸ਼ਿਤ ਕੀਤੇ ਗਏ ਖਰੀਦ ਕੇਂਦਰਾਂ ਦੀ ਸੂਚੀ ਵੀ ਇਸ ਦਫਤਰ ਦੇ ਪੱਤਰ **I/646369/2023** ਮਿਤੀ 20.09.2023 ਰਾਹੀਂ ਸਬੰਧਤ ਜਿਲ੍ਹਾ ਕੰਟਰੋਲਰਜ਼ ਨੂੰ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜੀ ਜਾ ਚੁੱਕੀ ਹੈ। ਇਸ ਦਫਤਰ ਨੂੰ ਸਮੂਹ ਜਿਲ੍ਹਾ ਕੰਟਰੋਲਰਜ਼ ਪੰਜਾਬ ਰਾਜ ਤੋਂ ਖਰੀਦ ਕੇਂਦਰਾਂ ਦੀ ਅਲਾਟਮੈਂਟ ਦੀਆਂ ਪ੍ਰਾਪਤ ਹੋਈਆਂ ਤਜਵੀਜ਼ਾਂ ਦੇ ਆਧਾਰ ਤੇ ਸਮੂਹ ਖਰੀਦ ਏਜੰਸੀਆਂ ਵਿਚਕਾਰ ਖਰੀਦ ਕੇਂਦਰਾਂ ਦੀ ਅਲਾਟਮੈਂਟ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ ਕਰ ਦਿੱਤੀ ਜਾਵੇਗੀ।

ਪੰਜਾਬ ਸਰਕਾਰ ਵੱਲੋਂ ਗਲਟ ਤੋਂ ਬਚਣ ਲਈ ਲਏ ਗਏ ਫੈਸਲੇ ਦੇ ਸਨਮੁੱਖ ਯੋਗ ਜਨਤਕ ਥਾਵਾਂ ਨੂੰ ਆਰਜ਼ੀ ਖਰੀਦ ਕੇਂਦਰ ਘੋਸ਼ਿਤ ਕਰਨ ਦਾ ਫੈਸਲਾ ਲਿਆ ਗਿਆ ਹੈ। ਇਸ ਸਬੰਧ ਵਿੱਚ ਹਰ ਜਿਲ੍ਹੇ ਦੇ ਡਿਪਟੀ ਕਮਿਸ਼ਨਰ ਦੀ ਪ੍ਰਧਾਨਗੀ ਹੇਠ ਬਣੀ ਜਿਲ੍ਹਾ ਲੈਵਲ ਪ੍ਰਕਿਓਰਮੈਂਟ ਕਮੇਟੀਆਂ ਤੋਂ ਪ੍ਰਾਪਤ ਤਜਵੀਜ਼ਾ ਅਨੁਸਾਰ ਆਰਜ਼ੀ ਖਰੀਦ ਕੇਂਦਰਾਂ ਦੀ ਨੋਟੀਫਿਕੇਸ਼ਨ ਅਤੇ ਵੱਖ ਵੱਖ ਖਰੀਦ ਏਜੰਸੀਆਂ ਵਿਚਕਾਰ ਅਲਾਟਮੈਂਟ ਕੀਤੀ ਜਾਵੇਗੀ, ਜਿਨ੍ਹਾਂ ਦੀਆਂ ਸੂਚੀਆਂ ਵੱਖਰੇ ਤੌਰ ਤੇ ਜਾਰੀ ਕੀਤੀਆ ਜਾਣਗੀਆਂ ਅਤੇ ਆਰਜ਼ੀ ਖਰੀਦ ਕੇਂਦਰਾਂ ਦੀ ਅਲਾਟਮੈਂਟ ਕੇਵਲ ਅਨਾਜ ਖਰੀਦ ਪੋਰਟਲ ਤੇ ਆਨਲਾਈਨ ਵਿਧੀ ਰਾਹੀਂ ਕੀਤੀ ਜਾਵੇਗੀ।

ਸਰਕਾਰ ਦੇ ਧਿਆਨ ਵਿੱਚ ਆਇਆ ਹੈ ਕਿ ਕਈ ਵਾਰੀ ਆੜ੍ਹਤੀਆਂ ਵੱਲੋਂ ਮੰਡੀ ਤੋਂ ਬਾਹਰ ਅਣ-ਅਧਿਕਾਰਤ ਤੌਰ ਤੇ ਕਿਸਾਨਾਂ ਵੱਲੋਂ ਲਿਆਂਦੇ ਝੋਨੇ ਨੂੰ ਸਿੱਧੇ ਆਪਣੇ ਨਿੱਜੀ ਸਥਾਨ ਤੇ ਢੇਰੀ ਕਰਵਾ ਲਿਆ ਜਾਂਦਾ ਹੈ ਜੋ ਕਿ ਸਰਕਾਰ ਦੀ ਪਾਲਿਸੀ ਦੀ ਉਲੰਘਣਾ ਹੈ। ਇਸ ਲਈ ਕੇਵਲ ਉਨ੍ਹਾਂ ਫੜ੍ਹਾਂ ਤੇ ਹੀ ਬੋਲੀ ਲਗਾਈ ਜਾਵੇਗੀ, ਜਿਨ੍ਹਾਂ ਫੜ੍ਹਾਂ ਨੂੰ ਪੰਜਾਬ ਮੰਡੀ ਬੋਰਡ ਵੱਲੋਂ ਘੋਸ਼ਿਤ ਅਤੇ ਵਿਭਾਗ ਵੱਲੋਂ ਅਲਾਟ ਕੀਤਾ ਗਿਆ ਹੋਵੇ। ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਕਿਸੇ ਵੀ ਹਾਲਤ ਵਿੱਚ ਅਣ-ਪ੍ਰਵਾਨਿਤ ਫੜ੍ਹ ਤੇ ਝੋਨੇ ਦੀ ਬੋਲੀ ਨਾ ਲਗਾਈ ਜਾਵੇ। ਅਣ-ਅਧਿਕਾਰਤ ਫੜ੍ਹ ਤੇ ਝੋਨੇ ਦੀ ਖਰੀਦ ਹੋਣ ਤੇ ਜਿੰਮੇਵਾਰੀ ਸਬੰਧਤ ਫੀਲਡ ਅਮਲੇ/ਅਦਾਰੇ ਦੀ ਹੋਵੇਗੀ।

3. **ਝੋਨੇ ਦੀ ਖਰੀਦ ਕਰਨ ਲਈ ਖਰੀਦ ਏਜੰਸੀਆਂ ਦਾ ਸ਼ੇਅਰ /ਹਿੱਸਾ**

ਭਾਰਤ ਸਰਕਾਰ ਵੱਲੋਂ ਜਾਰੀ ਹਦਾਇਤਾਂ ਦੇ ਸਨਮੁੱਖ ਰਾਜ ਸਰਕਾਰ ਵੱਲੋਂ ਖਰੀਫ ਸੀਜ਼ਨ 2023-24 ਦੌਰਾਨ ਸਮੂਹ ਖਰੀਦ ਏਜੰਸੀਆਂ ਵਿਚਕਾਰ ਪੱਤਰ ਨੰਬਰ ਈ: 1/481123/2023/ਅ.ਖ-1/967-969 ਮਿਤੀ 16.08.2023 ਰਾਹੀਂ 182.10 ਲੱਖ ਮੀਟਰਕ ਟਨ ਝੋਨੇ ਦੀ ਖਰੀਦ ਦਾ ਹੇਠ ਅਨੁਸਾਰ ਸ਼ੇਅਰ/ਅੰਦਾਜ਼ਨ ਟੀਚੇ ਨਿਸ਼ਚਿਤ ਕੀਤੇ ਗਏ ਹਨ:-

| ਖਰੀਦ ਏਜੰਸੀ ਦਾ ਨਾਮ | ਖਰੀਦ ਸ਼ੇਅਰ (ਹਿੱਸਾ ਅਨੁਪਾਤ) | ਖਰੀਦ ਕੀਤੇ ਜਾਣ ਵਾਲੇ ਝੋਨੇ ਦੀ ਅੰਦਾਜ਼ਨ ਮਿਕਦਾਰ (ਲੱਖ ਮੀਟਰਕ ਟਨਾਂ ਵਿੱਚ) |
|---|---|---|
| ਪਨਗਰੇਨ | 34% | 61.91 |
| ਮਾਰਕਫੈਡ | 26% | 47.35 |
| ਪਨਸਪ | 22% | 40.06 |
| ਵੇਅਰ ਹਾਊਸ | 13% | 23.67 |
| ਜੋੜ | %95 | 172.99 |
| ਐਫਆਈ.ਸੀ. | 5% | 9.11 |
| ਕੁਲ ਜੋੜ | %100 | 182.10 |

ਸਮੂਹ ਖਰੀਦ ਏਜੰਸੀਆਂ ਨੂੰ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਝੋਨੇ ਦੀ ਖਰੀਦ ਦੇ ਟੀਚੇ ਪ੍ਰਬੰਧਕੀ ਨਜ਼ਰੀਏ ਪੱਖੋ ਨਿਰਧਾਰਤ ਕੀਤੇ ਗਏ ਹਨ ਅਤੇ ਹਰ ਏਜੰਸੀ ਉਸ ਨੂੰ ਅਲਾਟਡ ਮੰਡੀਆਂ ਵਿੱਚ ਝੋਨੇ ਦੀ ਖਰੀਦ ਸੀਜ਼ਨ ਦੌਰਾਨ ਉਸ ਸਮੇਂ ਤੱਕ ਜਾਰੀ ਰੱਖੇਗੀ ਜਦੋਂ ਤੱਕ ਮੰਡੀ ਵਿਚ ਝੋਨੇ ਦੀ ਆਮਦ ਹੋ ਰਹੀ ਹੈ। ਸਮੂਹ ਖਰੀਦ ਏਜੰਸੀਆਂ ਨੂੰ ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਖਰੀਦ ਸਬੰਧੀ ਜੋ ਸ਼ੇਅਰ/ਟੀਚੇ ਨਿਸ਼ਚਿਤ ਕੀਤੇ ਗਏ ਹਨ, ਉਹ ਰਾਜ ਪੱਧਰ ਲਈ ਨਿਸ਼ਚਿਤ ਕੀਤੇ ਗਏ ਹਨ ਨਾ ਕਿ ਜਿਲ੍ਹਾਵਾਰ/ਕੇਂਦਰਵਾਰ ਭਾਵ ਏਜੰਸੀਆਂ ਦੇ ਜਿਲ੍ਹਾਵਾਰ ਜਾਂ ਕੇਂਦਰਵਾਰ ਝੋਨੇ ਦੀ ਖਰੀਦ ਦੇ ਟੀਚੇ ਅਸਲ ਝੋਨੇ ਦੀ ਖਰੀਦ ਦੌਰਾਨ ਆਮਦ ਦੇ ਅਨੁਸਾਰ ਵਧ ਜਾਂ ਘੱਟ ਸਕਦੇ ਹਨ। ਜਿਹੜੀਆਂ ਮੰਡੀਆਂ ਇਕ ਤੋਂ ਵੱਧ ਖਰੀਦ ਏਜੰਸੀਆਂ ਨੂੰ ਅਲਾਟ ਕੀਤੀਆਂ ਜਾਂਦੀਆਂ ਹਨ, ਉਨ੍ਹਾਂ ਮੰਡੀਆਂ ਵਿੱਚ ਖਰੀਦ ਏਜੰਸੀਆਂ ਵਿਚਕਾਰ ਆੜ੍ਹਤੀਆਂ ਦੇ ਫੜ੍ਹਾਂ ਦੀ ਵੰਡ ਸਬੰਧਤ ਜਿਲ੍ਹਾ ਖੁਰਾਕ ਸਪਲਾਈ ਕੰਟਰੋਲਰ ਦੁਆਰਾ ਕੀਤੀ ਜਾਵੇਗੀ।

4. **ਮੰਡੀਆਂ ਵਿਚ ਅਮਲੇ ਦੀ ਨਿਯੁਕਤੀ ਸਬੰਧੀ।**

ਸਮੂਹ ਖਰੀਦ ਏਜੰਸੀਆਂ ਦੁਆਰਾ ਉਨ੍ਹਾਂ ਨੂੰ ਅਲਾਟ ਕੀਤੀਆਂ ਗਈਆਂ ਮੰਡੀਆਂ ਵਿੱਚ ਫੀਲਡ ਅਮਲੇ ਦੀ ਨਿਯੁਕਤੀ ਮਿਤੀ 30.09.2023 ਤੱਕ ਸੁਨਿਸਚਿਤ ਕਰਦੇ ਹੋਏ ਹਰ ਪੱਖੋ ਮੁਕੰਮਲ ਸੂਚੀਆਂ ਸਬੰਧਤ ਜਿਲ੍ਹਾ ਕੰਟਰੋਲਰਾਂ ਨੂੰ ਖਰੀਦ ਏਜੰਸੀ ਦੇ ਜਿਲ੍ਹਾ ਮੈਨੇਜਰ ਦੇ ਹਸਤਾਖਰਾਂ ਹੇਠ ਭੇਜਿਆ ਜਾਵੇ। ਜਿਲ੍ਹਾ ਖੁਰਾਕ ਸਪਲਾਈ ਕੰਟਰੋਲਰਾਂ ਵੱਲੋਂ ਅੱਗੇ ਇਹ ਸੂਚੀਆਂ ਮੁੱਖ ਦਫਤਰ ਵਿਖੇ ਮਿਤੀ 01.10.2023 ਤੱਕ ਭੇਜਦੇ ਹੋਏ ਤਸਦੀਕ ਕੀਤਾ ਜਾਵੇਗਾ ਕਿ ਸਾਰੀਆਂ ਖਰੀਦ ਏਜੰਸੀਆਂ ਦਾ ਅਮਲਾ ਮੰਡੀਆਂ ਵਿਚ ਹਾਜ਼ਰ ਹੋ ਗਿਆ ਹੈ। ਮੰਡੀਆਂ ਵਿੱਚ ਨਿਯੁਕਤ ਕੀਤੇ ਗਏ ਅਮਲੇ ਵੱਲੋਂ ਇਹ ਯਕੀਨੀ ਬਣਾਇਆ ਜਾਵੇਗਾ ਕਿ ਮੰਡੀਆਂ ਵਿੱਚ ਆੜ੍ਹਤੀਆਂ ਕੋਲ ਮੰਡੀ ਬੋਰਡ ਦੇ ਉਪ-ਨਿਯਮ ਅਧੀਨ ਲੋੜ ਅਨੁਸਾਰ ਸਾਰੇ ਪ੍ਰਬੰਧ ਮੌਜੂਦ ਅਤੇ ਮੁਕੰਮਲ ਹਨ ਤਾਂ ਜੋ ਕਿਸਾਨਾਂ ਨੂੰ ਆਪਣੀ ਜਿਣਸ ਵੇਚਣ ਵਿਚ ਕੋਈ ਔਕੜ ਪੇਸ਼ ਨਾ ਆਵੇ।

5. **ਮੰਡੀਆਂ ਵਿੱਚ ਪ੍ਰਬੰਧ**

ਜਿਲ੍ਹਾ ਮੰਡੀ ਅਫਸਰ ਅਤੇ ਜਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਇਹ ਯਕੀਨੀ ਬਣਾਉਣਗੇ ਕਿ ਮੰਡੀਆਂ ਵਿੱਚ ਮੰਡੀ ਬੋਰਡ ਵੱਲੋਂ ਫੜ੍ਹਾਂ ਦੀ ਸਫਾਈ, ਬਿਜਲੀ, ਛਾਂ ਅਤੇ ਪਾਣੀ ਦਾ ਪ੍ਰਬੰਧ, ਨਮੀਂ ਮਾਪਣ ਵਾਲੇ ਯੰਤਰ ਅਤੇ ਆੜ੍ਹਤੀਆਂ ਵੱਲੋਂ ਆਪਣੀ ਦੁਕਾਨਾਂ ਤੇ ਤਰਪਾਲਾਂ, ਪੋਲੀਥੀਨ ਕਵਰ, ਕਰੇਟਾਂ ਅਤੇ ਲੋੜ ਅਨੁਸਾਰ ਮਕੈਨੀਕਲ/ਪਾਵਰ ਕਲੀਨਰਾਂ ਦਾ ਪ੍ਰਬੰਧ ਝੋਨੇ ਦੀ ਆਮਦ ਹੋਣ ਤੋਂ ਪਹਿਲਾਂ-2 ਮੁਕੰਮਲ ਕਰ ਲਿਆ ਗਿਆ ਹੈ। ਇਹ ਵੀ ਯਕੀਨੀ ਬਣਾਇਆ ਜਾਵੇ ਕਿ ਹਰ ਆੜ੍ਹਤੀਏ ਪਾਸ ਲੋੜੀਂਦੇ ਬਿਜਲੀ ਨਾਲ ਚੱਲਣ ਵਾਲੇ ਪੱਖਿਆ ਅਤੇ ਜਨਰੇਟਰ ਦਾ ਪੂਰਾ ਪ੍ਰਬੰਧ ਹੈ। ਜੇਕਰ ਮੰਡੀ ਵਿਚ ਕਰੇਟਾਂ ਦੀ ਜ਼ਰੂਰਤ ਹੋਵੇ ਤਾਂ ਸਬੰਧਤ ਆੜ੍ਹਤੀਆਂ ਉਥੇ ਕਰੇਟ ਵੀ ਮੁਹੱਈਆਂ ਕਰਵਾਏਗਾ।ਹਰ ਇੱਕ ਖਰੀਦ ਕੇਂਦਰ ਤੇ ਪੀਣ ਵਾਲੇ ਸਾਫ਼ ਸੁਥਰੇ ਪਾਣੀ, ਛਾਂ ਅਤੇ ਟੇਮਪਰੇਰੀ ਬਾਥਰੂਮਾਂ ਦਾ ਪ੍ਰਬੰਧ ਕਰਨ ਦੀ ਜਿੰਮੇਵਾਰੀ ਪੰਜਾਬ ਮੰਡੀ ਬੋਰਡ ਦੀ ਹੈ। ਮੰਡੀ ਬੋਰਡ ਵੱਲੋਂ ਕੀਤੇ ਜਾਣ ਵਾਲੇ ਸਾਰੇ ਪ੍ਰਬੰਧਾਂ ਬਾਰੇ ਸਬੰਧਤ ਖਰੀਦ ਏਜੰਸੀ ਵੀ ਤਸਦੀਕ ਕਰੇਗੀ ਕਿ ਖਰੀਦ ਕੇਂਦਰ ਤੇ ਸਾਰੇ ਪ੍ਰਬੰਧ ਮੌਜੂਦ ਹਨ।

6. **ਭੌਂ ਵੇਰਵੇ ਅਤੇ ਈ-ਗਿਰਦਾਵਰੀ ਅਨਾਜ ਖਰੀਦ ਪੋਰਟਲ ਨਾਲ ਲਿੰਕ ਕਰਨ ਸਬੰਧੀ।**

ਭਾਰਤ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਖਰੀਫ ਸੀਜ਼ਨ 2021-22 ਦੌਰਾਨ ਕਿਸਾਨਾਂ ਦੇ ਭੌਂ ਵੇਰਵੇ ਪੰਜਾਬ ਮੰਡੀ ਬੋਰਡ ਦੇ ਪੋਰਟਲ ਅਤੇ ਅਨਾਜ ਖਰੀਦ ਪੋਰਟਲ ਨਾਲ Integrate ਕੀਤੇ ਗਏ ਸਨ। ਇਸ ਉਪਰੰਤ ਰੱਬੀ ਸੀਜ਼ਨ 2022-23 ਦੌਰਾਨ ਭਾਰਤ ਸਰਕਾਰ ਦੇ ਦਿਸ਼ਾਂ ਨਿਰਦੇਸ਼ਾਂ ਅਨੁਸਾਰ ਰਾਜ ਸਰਕਾਰ ਦੇ ਪੱਧਰ ਤੇ ਲਏ ਗਏ ਫੈਸਲੇ ਦੇ ਸਨਮੁੱਖ ਮਾਲ ਵਿਭਾਗ ਦੀ ਈ-ਗਿਰਦਾਵਰੀ **Application** ਨੂੰ ਵੀ ਪੰਜਾਬ ਮੰਡੀ ਬੋਰਡ ਦੇ ਪੋਰਟਲ ਨਾਲ **Integrate** ਕੀਤਾ ਗਿਆ ਸੀ। ਹੁਣ ਖਰੀਫ ਸੀਜ਼ਨ 2023-24 ਦੌਰਾਨ ਵੀ ਕਿਸਾਨਾਂ ਦੇ ਭੌਂ ਵੇਰਵੇ ਅਤੇ ਈ-ਗਿਰਦਾਵਰੀ ਦੇ ਵੇਰਵੇ ਪੰਜਾਬ ਮੰਡੀ ਬੋਰਡ ਦੇ ਪੋਰਟਲ ਤੇ ਤਸਦੀਕ ਕਰਨੇ ਲਾਜ਼ਮੀ ਹਨ। ਇਸ ਲਈ ਹਰ ਢੇਰੀ ਦੀ ਖਰੀਦ ਕਰਨ ਤੋਂ ਪਹਿਲਾਂ ਹਰ ਆੜ੍ਹਤੀਏ ਵੱਲੋਂ ਸੁਨਿਸ਼ਚਿਤ ਕੀਤਾ ਜਾਵੇਗਾ ਕਿ ਉਸਦੇ ਸਬੰਧਤ ਕਿਸਾਨਾਂ ਦੇ ਭੌਂ ਵੇਰਵੇ ਪੰਜਾਬ ਮੰਡੀ ਬੋਰਡ ਦੇ ਪੋਰਟਲ **emandikaran-pb.in** ਤੇ ਦਰਜ਼ ਅਤੇ ਖੁਰਾਕ ਸਿਵਲ ਸਪਲਾਈਜ਼ ਵਿਭਾਗ ਦੇ ਪੋਰਟਲ **anaajkharid.In** ਤੇ ਤਸਦੀਕ ਕੀਤੇ ਹੋਣ ਅਤੇ ਕਿਸਾਨ ਵੱਲੋਂ ਲਿਆਂਦੀ ਗਈ ਫਸਲ ਦਰਜ਼ ਕੀਤੀ ਭੂਮੀ ਦੇ ਅਨੁਪਾਤ ਵਿੱਚ ਹੀ ਹੋਵੇ।

7. **ਝੋਨੇ ਦੀ ਖਰੀਦ ਲਈ ਬੋਲੀ ਦਾ ਸਮਾਂ**

ਖਰੀਦ ਏਜੰਸੀਆਂ ਦੁਆਰਾ ਅਲਾਟ ਕੀਤੇ ਗਏ ਖਰੀਦ ਕੇਂਦਰਾਂ ਤੇ ਬੋਲੀ ਹਰ ਰੋਜ਼ ਸਵੇਰੇ ਅਤੇ ਸ਼ਾਮ ਨੂੰ ਮੰਡੀ ਬੋਰਡ/ਮਾਰਕੀਟ ਕਮੇਟੀ ਵੱਲੋਂ ਨਿਰਧਾਰਤ ਕੀਤੇ ਸਮੇਂ ਸਵੇਰੇ 10.00 ਤੋਂ ਸ਼ਾਮ 06.00 ਵਜੇ ਤੱਕ ਲਗਾਈ ਜਾਵੇਗੀ ਅਤੇ ਕਿਸੇ ਵੀ ਹਾਲ ਵਿਚ ਬੋਲੀ ਰਾਤ ਦੇ ਸਮੇਂ ਨਹੀਂ ਲਗਾਈ ਜਾਵੇਗੀ। ਇਹ ਵੀ ਯਕੀਨੀ ਬਣਾਇਆ ਜਾਵੇ ਕਿ ਬੋਲੀ ਦੌਰਾਨ ਵਿਭਾਗ ਦਾ ਸਬੰਧਤ ਨਿਰੀਖਕ, ਸਬੰਧਤ ਖਰੀਦ ਏਜੰਸੀ ਦਾ ਨੁਮਾਇੰਦਾ ਅਤੇ ਮਾਰਕੀਟ ਕਮੇਟੀ ਦਾ ਸਬੰਧਤ ਕਰਮਚਾਰੀ ਹਾਜ਼ਰ ਹੋਵੇ।

ਝੋਨੇ ਦੀ ਖਰੀਦ ਲਈ ਬੋਲੀ ਸ਼ੁਰੂ ਕਰਨ ਤੋਂ ਪਹਿਲਾਂ ਪੰਜਾਬ ਰਾਜ ਮੰਡੀ ਬੋਰਡ ਦੇ ਅਮਲੇ ਵੱਲੋਂ ਪੰਜਾਬ ਮਾਰਕੀਟ ਕਮੇਟੀ ਉਪ-ਨਿਯਮਾਂ ਦੇ ਅਧੀਨ/ਸਮੇਂ ਸਮੇਂ ਸਿਰ ਜਾਰੀ ਹਦਾਇਤਾਂ ਅਨੁਸਾਰ ਕਿਸਾਨਾਂ ਵੱਲੋਂ ਲਿਆਂਦੀ ਜਿਣਸ ਦੀ ਸਫ਼ਾਈ ਆੜ੍ਹਤੀਆਂ ਤੋਂ ਕਰਵਾਉਣੀ ਅਤੇ ਹਰ ਇਕ ਢੇਰੀ ਤੇ ਪਲੇ ਕਾਰਡ ਲਗਾਉਣੇ ਯਕੀਨੀ ਬਣਾਏ ਜਾਣ। ਇਸ ਲਈ ਸਿਰਫ਼ ਉਨ੍ਹਾਂ ਢੇਰੀਆਂ ਦੀ ਹੀ ਬੋਲੀ ਲਗਾਈ ਜਾਵੇਗੀ, ਜਿਨ੍ਹਾਂ ਦੀ ਸਫਾਈ ਹੋ ਚੁੱਕੀ ਹੋਵੇ। ਜਿਹੜੀਆਂ ਢੇਰੀਆਂ ਦੀ ਸਫ਼ਾਈ ਨਾ ਹੋਈ ਹੋਵੇ ਜਾਂ ਢੇਰੀਆਂ ਵਿੱਚ ਨਮੀਂ ਦੀ ਮਾਤਰਾ ਮਿਥੇ ਹੋਏ ਮਿਆਰਾਂ (ਸਪੈਸੀਫਿਕੇਸ਼ਨਾਂ) ਤੋਂ ਜਿਆਦਾ ਹੋਵੇ ਅਤੇ ਜਾਂ ਨਿਰਧਾਰਤ ਸਪੈਸੀਫਿਕੇਸ਼ਨਾਂ ਦੇ ਮੁਤਾਬਕ ਨਾ ਹੋਣ ਕਾਰਨ ਖਰੀਦਣ ਯੋਗ ਨਾ ਹੋਣ, ਉਨ੍ਹਾਂ ਢੇਰੀਆਂ ਨੂੰ ਪੀ.ਆਰ-1 ਰਜਿਸ਼ਟਰ (ਮੰਡੀ ਆਮਦ ਰਜਿਸਟਰ) ਵਿਚ ਦਰਜ਼ ਜ਼ਰੂਰ ਕੀਤਾ ਜਾਵੇ ਅਤੇ ਉਨ੍ਹਾਂ ਅੱਗੇ ਵਿਸ਼ੇਸ ਕਥਨ ਦੇ ਖਾਨੇ ਵਿਚ ਬੋਲੀ ਨਾ ਲਗਾਉਣ ਦੇ ਕਾਰਨ ਅੰਕਿਤ ਕੀਤੇ ਜਾਣ। ਢੇਰੀਆਂ ਵਿਚ ਨਮੀਂ ਦੀ ਮਾਤਰਾ ਜਾਨਣ ਲਈ ਮਾਰਕੀਟ ਕਮੇਟੀ ਵੱਲੋਂ ਰੱਖੇ/ਏਜੰਸੀ ਵੱਲੋਂ ਆਪਣੇ ਪੱਧਰ ਤੇ ਪ੍ਰਬੰਧ ਕੀਤੇ ਗਏ ਨਮੀਂ ਮਾਪਣ ਵਾਲੇ ਯੰਤਰਾਂ ਦੀ ਵਰਤੋਂ ਕੀਤੀ ਜਾਵੇ ਅਤੇ ਇਨ੍ਹਾਂ ਨਮੀਂ ਮਾਪਣ ਵਾਲੇ ਯੰਤਰਾਂ ਦੀ ਕਾਰਜ਼ਵਿਧੀ ਦੀ ਪਰਖ (**Calibration**) ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ ਕਰਵਾ ਲਈ ਜਾਵੇ। ਇਸ ਤੋਂ ਇਲਾਵਾ ਹਰ ਖਰੀਦ ਏਜੰਸੀ ਦਾ ਇੰਚਾਰਜ, ਜਿਸਦੀ ਹਾਜ਼ਰੀ ਵਿਚ ਬੋਲੀ ਲੱਗੇਗੀ, ਉਹ ਬੋਲੀ ਰਜਿਸ਼ਟਰ ਉਪਰ ਮਿਤੀ ਸਮੇਤ ਆਪਣੇ ਪੂਰੇ ਹਸਤਾਖਰ ਕਰੇਗਾ, ਜਿਸ ਦਾ ਨਿਰੀਖਣ ਸਬੰਧਤ ਜਿਲ੍ਹਾ ਅਧਿਕਾਰੀ ਕਰਨਗੇ। ਜੇਕਰ ਕੋਈ ਨਿਰੀਖਕ ਆਪਣੀ ਮੰਡੀ ਵਿਚ ਬੋਲੀ ਸਮੇਂ ਹਾਜ਼ਰ ਨਹੀਂ ਹੁੰਦਾ ਜਾਂ ਆਪਣੇ ਹਸਤਾਖਰ ਨਹੀਂ ਕਰਦਾ ਤਾਂ ਉਸ ਦੀ ਜਿੰਮੇਵਾਰੀ ਸਬੰਧਤ ਜਿਲ੍ਹਾ ਖੁਰਾਕ ਅਤੇ ਸਪਲਾਈ ਕੰਟਰੋਲਰ/ਜਿਲ੍ਹਾ ਮੈਨੇਜਰ ਵੱਲੋਂ ਤੁਰੰਤ ਫਿਕਸ ਕੀਤੀ ਜਾਵੇ ਅਤੇ ਉਨ੍ਹਾਂ ਵਿਰੁੱਧ ਸਖਤ ਪ੍ਰਸ਼ਾਸਨਿਕ ਕਾਰਵਾਈ ਯਕੀਨੀ ਬਣਾਈ ਜਾਵੇ।

8. **ਪੀ.ਜੀ-1 ਰਜਿਸ਼ਟਰ**

ਹਰ ਇਕ ਮੰਡੀ ਅਤੇ ਖਰੀਦ ਕੇਂਦਰ ਵਿਖੇ ਤਸਦੀਕ ਕੀਤਾ ਹੋਇਆ ਪੀ.ਜੀ-1 ਰਜਿਸ਼ਟਰ ਲਗਾਇਆ ਜਾਵੇ ਅਤੇ ਉਸ ਵਿਚ ਝੋਨਾ ਲਿਆਉਣ ਵਾਲੇ ਹਰ ਕਿਸਾਨ ਦਾ ਨਾਂ, ਉਸਦੇ ਪਿਤਾ ਦਾ ਨਾਂ, ਮੁਕੰਮਲ ਪਤਾ, ਮੋਬਾਇਲ ਨੰਬਰ, ਰੇਟ ਅਤੇ ਅੰਦਾਜ਼ਨ ਵਜ਼ਨ ਦਰਜ ਕੀਤਾ ਜਾਵੇ। ਜੇਕਰ ਕਿਸੇ ਢੇਰੀ ਦੀ ਬੋਲੀ ਨਹੀਂ ਲਗਾਈ ਜਾਂਦੀ ਤਾਂ ਬੋਲੀ ਨਾ ਲੱਗਣ ਦੇ ਕਾਰਨ ਵਿਸ਼ੇਸ ਕਥਨਾਂ ਵਿਚ ਦਰਜ਼ ਕੀਤੇ ਜਾਣ। ਪੀ.ਆਰ-1 ਰਜਿਸ਼ਟਰ ਵਿਚ ਹਰ ਰੋਜ਼ ਦੀਆਂ ਐਂਟਰੀਆਂ ਉਪਰੰਤ ਇਸ ਸਬੰਧੀ ਪੀ.ਜੀ-54 ਰਿਪੋਰਟ ਸੰਖੇਪ ਵਿਚ ਤਿਆਰ ਕੀਤੀ ਜਾਵੇ, ਜਿਸ ਵਿਚ ਸਮੂਹ ਖਰੀਦ ਏਜੰਸੀਆਂ ਅਤੇ ਵਪਾਰੀਆਂ ਵੱਲੋਂ ਖਰੀਦੀ ਪੈਡੀ ਦੇ ਅੰਕੜੇ ਦਰਜ਼ ਹੋਣ ਅਤੇ ਖਰੀਦ ਅਮਲਾ ਉਸ ਉੱਤੇ ਹਰ ਰੋਜ਼ ਪੂਰੇ ਹਸਤਾਖਰ ਕਰੇਗਾ। ਏਰੀਏ ਦੇ ਸੁਪਰਵਾਈਜ਼ਰੀ ਅਧਿਕਾਰੀ ਜਿਵੇਂ ਕਿ ਸ.ਖ.ਸ.ਅ/ਖੁ.ਸ.ਅ/ਜਿ.ਖ.ਸ.ਕੰ/ਡਿ.ਡਾ ਜਾਂ ਮੁੱਖ ਦਫਤਰ ਤੋਂ ਕੋਈ ਅਧਿਕਾਰੀ ਜਦੋਂ ਵੀ ਮੰਡੀ ਦਾ ਦੋਰਾ ਕਰਨਗੇ ਤਾਂ ਪੀ.ਜੀ-1 ਰਜਿਸ਼ਟਰ ਵਿਚ ਆਪਣੇ ਕਥਨ ਦਰਜ਼ ਕਰਨੇ ਯਕੀਨੀ ਬਣਾਉਣ। ਜੇਕਰ ਮੰਡੀ ਵਿਚ ਪੈਡੀ ਦੀ ਖਰੀਦ ਸਬੰਧੀ ਕੋਈ ਉਣਤਾਈਆਂ ਪਾਈਆਂ ਜਾਂਦੀਆਂ ਹਨ ਤਾਂ ਇਸ ਸਬੰਧੀ ਲੋੜ ਪੈਣ ਤੇ ਡਾਇਰੈਕਟਰ, ਖੁਰਾਕ ਸਿਵਲ ਸਪਲਾਈਜ਼ ਨੂੰ ਟੈਲੀਫੋਨ ਤੇ ਜਾਂ ਲਿਖਤੀ ਤੌਰ ਤੇ ਸੂਚਨਾ ਭੇਜਣੀ ਯਕੀਨੀ ਬਣਾਈ ਜਾਵੇ। ਮੰਡੀਆਂ ਵਿੱਚ ਝੋਨੇ ਦੀ ਆਮਦ ਤੇ ਖਰੀਦ ਸਬੰਧੀ ਵੇਰਵੇ **anaajkharid.in** ਪੋਰਟਲ ਤੇ ਦਰਜ਼ ਕੀਤੇ ਜਾਣੇ ਲਾਜ਼ਮੀ ਹਨ।

ਭਾਰਤ ਸਰਕਾਰ, ਖੁਰਾਕ ਤੇ ਵੰਡ ਮੰਤਰਾਲਾ ਨਵੀਂ ਦਿੱਲੀ ਵੱਲੋਂ ਜਾਰੀ ਕੀਤੇ ਗਏ ਦਿਸ਼ਾਂ ਨਿਰਦੇਸ਼ਾਂ ਅਨੁਸਾਰ ਕਿਸਾਨ ਦੀ ਹਰੇਕ ਢੇਰੀ ਦੀ ਪ੍ਰਮਾਣਿਕਤਾ ਬਾਇਓਮੈਟ੍ਰਿਕ **(Biometric Authentication)** ਵਿਧੀ ਰਾਹੀਂ ਕੀਤੀ ਜਾਵੇਗੀ, ਜਿਸ ਸਬੰਧੀ ਅਨਾਜ ਖਰੀਦ ਪੋਰਟਲ ਤੇ ਲੋੜੀਂਦੇ ਉਪਬੰਧ ਕਰ ਦਿੱਤੇ ਗਏ ਹਨ। ਬਾਇਓਮੈਟ੍ਰਿਕ ਪ੍ਰਮਾਣਿਕਤਾ ਕਿਸਾਨ ਖੁਦ ਜਾਂ ਆਪਣੇ ਨੁਮਾਇੰਦੇ ਰਾਹੀਂ ਕਰਵਾ ਸਕਦਾ ਹੈ। ਕਿਸਾਨ ਆਪਣੇ ਨੁਮਾਇੰਦੇ ਦਾ ਵੇਰਵਾ ਲੈਂਡ ਮੈਪਿੰਗ/ਰਜਿਸ਼ਟਰੇਸ਼ਨ ਸਮੇਂ ਦਰਜ਼ ਕਰਵਾ ਸਕਦਾ ਹੈ। ਸਬੰਧਤ ਮਾਰਕੀਟ ਕਮੇਟੀ ਅਤੇ ਖਰੀਦ ਏਜੰਸੀ ਦੇ ਅਮਲੇ, ਆੜ੍ਹਤੀਏ ਵੱਲੋਂ ਢੇਰੀ ਦੀ ਪ੍ਰਮਾਣਿਕਤਾ ਬਾਇਓਮੈਟ੍ਰਿਕ ਵਿਧੀ ਰਾਹੀਂ ਕਰਵਾਉਣਾ ਯਕੀਨੀ ਬਣਾਉਣਗੇ, ਜਿਸ ਲਈ ਸਬੰਧਤ ਮਾਰਕੀਟ ਕਮੇਟੀ ਲੋੜੀਂਦਾ ਪ੍ਰਬੰਧ ਕੀਤਾ ਜਾਵੇਗਾ।

ਇਹ ਵੀ ਧਿਆਨ ਵਿਚ ਆਇਆ ਹੈ ਕਿ ਖਰੀਦ ਅਮਲੇ ਵੱਲੋਂ ਕਈ ਵਾਰ ਬੋਲੀ ਹੋਣ ਉਪਰੰਤ ਮਾਰਕਿਟ ਕਮੇਟੀ ਦੇ ਦਰਜ ਕੀਤੇ ਅੰਕੜ੍ਹੇ ਹੀ ਪੀ.ਜੀ-1 ਰਜਿਸਟਰ ਵਿਚ ਦਰਜ ਕਰ ਲਏ ਜਾਂਦੇ ਹਨ ਜੋ ਕਿ ਗਲਤ ਹੈ।ਮੁੱਖ ਦਫਤਰ ਦੁਆਰਾ ਪੀ.ਜੀ-1 ਰਜਿਸਟਰ ਸਬੰਧੀ ਪੱਤਰ ਨੰਬਰ ਅਖ-1/877/2004/293 ਮਿਤੀ 02.03.2004 **(Annexure-I)** ਰਾਹੀਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਦੀ ਸਖਤੀ ਨਾਲ ਪਾਲਣਾ ਯਕੀਨੀ ਬਣਾਈ ਜਾਵੇ। ਜੇਕਰ ਭਾਰਤ ਸਰਕਾਰ ਵਲੋਂ ਪੈਡੀ ਉਤੇ ਕੋਈ ਬੋਨਸ ਦਾ ਐਲਾਨ ਕੀਤਾ ਜਾਂਦਾ ਹੈ ਤਾਂ ਬੋਨਸ ਦੇਣ ਸਬੰਧੀ ਅੰਦਰਾਜ਼ ਖਰੀਦ ਕੀਮਤ ਤੋਂ ਅਲੱਗ ਦਰਜ ਕੀਤੇ ਜਾਣ (ਭਾਵ ਰੇਟ+ਬੋਨਸ), ਕਿਉਂਕਿ ਵਪਾਰੀਆਂ ਵੱਲੋਂ ਦਿੱਤਾ ਗਿਆ ਰੇਟ ਸਮਰਥਨ ਮੁੱਲ ਤੋਂ ਘੱਟ ਜਾਂ ਵੱਧ ਪੈਡੀ ਦੀ ਕੁਆਲਟੀ ਉਤੇ ਨਿਰਭਰ ਹੁੰਦਾ ਹੈ ਅਤੇ ਬੋਨਸ ਦੀ ਕੀਮਤ ਤੇ ਕਿਸੇ ਕਿਸਮ ਦਾ ਕੋਈ ਟੈਕਸ ਵੀ ਨਹੀਂ ਦਿੱਤਾ ਜਾਣਾ ਹੁੰਦਾ।

**9. ਬੋਰੀਆਂ ਤੇ ਛਾਪਾ ਲਗਾਉਣ ਬਾਰੇ**

ਆੜ੍ਹਤੀਏ ਰਾਹੀਂ ਖਰੀਦ ਏਜੰਸੀ ਵੱਲੋਂ ਝੋਨੇ ਦੀ ਕੀਤੀ ਗਈ ਖਰੀਦ ਸਬੰਧੀ ਬੋਰੀਆਂ ਉਤੇ ਆੜ੍ਹਤੀਏ ਦਾ ਛਾਪਾ ਜਿਸ ਤੇ ਫਸਲੀ ਸਾਲ, ਆੜ੍ਹਤੀਏ ਦਾ ਪੂਰਾ ਨਾਂ, ਜਿਨਸ ਦਾ ਨਾਂ ਅਤੇ ਖਰੀਦ ਕੇਂਦਰ ਦੇ ਨਾਂ ਦਾ ਵੇਰਵਾ ਹੋਵੇ ਲਗਾਇਆ ਜਾਵੇ। ਇਹ ਛਾਪਾ **ਨੀਲੇ** ਰੰਗ ਦੀ ਸਿਆਹੀ ਵਾਲੀ ਮਾਰਕਿੰਗ ਵਿੱਚ (ਪੜ੍ਹਨਯੋਗ) ਹੋਣਾ ਚਾਹੀਦਾ ਹੈ। ਜਿਨਸ ਦੀ ਭਰਾਈ ਉਪਰੰਤ ਬੋਰੀਆਂ ਦੀ ਸਿਲਾਈ **ਨੀਲੇ** ਰੰਗ ਦੇ ਧਾਗੇ ਨਾਲ ਕੀਤੀ ਜਾਵੇ। ਇਸ ਸਬੰਧੀ ਮੁੱਖ ਦਫਤਰ ਦੁਆਰਾ **Endst. No. E- 481126/2023/FP-1/634-635 Dated 30.04.2023** ਰਾਹੀਂ ਜਾਰੀ ਕੀਤੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ।**(Annexure-II)**

**10. ਬੋਰੀਆਂ ਦੀ ਸਿਲਾਈ**

ਬੋਰੀਆਂ ਦੀ ਸਿਲਾਈ ਦਾ ਕੰਮ ਪੰਜਾਬ ਰਾਜ ਮੰਡੀ ਬੋਰਡ ਦੀਆਂ ਹਦਾਇਤਾਂ/ਬਾਈ ਲਾਅਜ਼ ਅਨੁਸਾਰ ਹੀ ਕਰਵਾਇਆ ਜਾਵੇ ਅਤੇ ਹਰ ਇੱਕ ਬੋਰੀ ਦੀ ਸਿਲਾਈ ਹੱਥ ਜਾਂ ਮਸ਼ੀਨ ਨਾਲ ਜੋ ਵੀ ਹਦਾਇਤਾਂ ਹੋਣ, ਅਨੁਸਾਰ ਪੂਰੇ ਪੂਰੇ ਟਾਂਕੇ ਲਾ ਕੇ ਕਰਵਾਈ ਜਾਵੇ। ਬੋਰੀਆਂ ਦੀ ਸਿਲਾਈ ਲਈ ਵਰਤੇ ਜਾਣ ਵਾਲੇ ਧਾਗੇ/ਸੂਤਲੀ ਦਾ ਰੰਗ **ਨੀਲਾ** ਹੋਣਾ ਚਾਹੀਦਾ ਹੈ।

**11. ਬਾਰਦਾਨੇ ਦਾ ਪ੍ਰਬੰਧ ਕਰਨ ਸਬੰਧੀ**

ਖਰੀਫ ਸ਼ੀਜਨ 2023-24 ਦੋਰਾਨ 50 ਕਿਲੋ ਕਪੈਸਟੀ ਦੀਆਂ ਜੂਟ ਬੋਰੀਆਂ ਵਿਚ 37.50 ਕਿਲੋ ਪੈਡੀ ਦੀ ਭਰਾਈ ਕੀਤੀ ਜਾਵੇਗੀ। ਭਾਰਤ ਸਰਕਾਰ ਦੀ ਯੂਸੇਜ਼ ਚਾਰਜਿਜ਼ ਪਾਲਿਸੀ ਅਨੁਸਾਰ ਕਸਟਮ ਮਿਲਿੰਗ ਚਾਵਲਾਂ ਦੀ ਡਲਿਵਰੀ ਲਈ ਲੋੜੀਂਦੀਆਂ 50.25% ਨਵੀਆਂ ਗੱਠਾਂ ਸਬੰਧਤ ਏਜੰਸੀਆਂ ਵੱਲੋਂ ਮੁਹੱਈਆਂ ਕਰਵਾਈਆਂ ਜਾਣਗੀਆਂ ਅਤੇ ਬਾਕੀ ਦੀਆਂ 49.75% ਮਿਲਰ ਗੱਠਾਂ ਸਬੰਧਤ ਮਿਲਰ, ਜਿਸ ਨਾਲ ਮੰਡੀ/ਆੜ੍ਹਤੀਏ ਦੀ ਲਿੰਕੇਜ਼ ਕੀਤੀ ਗਈ ਹੈ, ਵੱਲੋਂ ਮੁਹੱਈਆ ਕਰਵਾਈਆਂ ਜਾਣਗੀਆਂ। ਇਸ ਤੋਂ ਇਲਾਵਾ ਫੋਰਟੀਫਾਈਡ ਚੌਲਾਂ ਦੀ ਡਲਿਵਰੀ ਲਈ ਕੁਲ ਸੀ.ਐਮ.ਆਰ ਦੇ 1% ਦੇ ਹਿਸਾਬ ਨਾਲ ਲੋੜੀਂਦੇ ਐਫ.ਆਰ.ਕੇ ਦੇ ਲਈ ਨਵਾਂ ਬਾਰਦਾਨਾਂ ਵੀ ਸਬੰਧਤ ਖਰੀਦ ਏਜੰਸੀ ਵੱਲੋਂ ਰਾਈਸ ਮਿਲਰਾਂ ਨੂੰ ਮੁਹੱਈਆ ਕਰਵਾਇਆ ਜਾਵੇਗਾ।

ਨਵੀਆਂ ਜੂਟ ਬੋਰੀਆ ਦੀ ਵੰਡ ਉਪਲਬਧਤਾ ਅਨੁਸਾਰ, ਸਮੂਹ ਆੜ੍ਹਤੀਆਂ ਨੂੰ ਬਰਾਬਰ ਵਿੱਚ ਕੀਤੀ ਜਾਵੇਗੀ। ਨਵੀਆਂ ਜੂਟ ਬੋਰੀਆਂ ਦੀ ਵੰਡ ਕਰਨ ਸਮੇਂ ਕਿਸੇ ਵੀ ਤਰ੍ਹਾਂ ਦਾ ਕੋਈ ਪੱਖਪਾਤ ਨਾ ਕੀਤਾ ਜਾਵੇ। **ਜਿਲ੍ਹੇ ਵਿੱਚ ਸਮੂਹ ਖਰੀਦ ਏਜੰਸੀਆਂ ਪਾਸ ਉਪਲਬਧ ਨਵੀਆਂ ਜੂਟ ਗੱਠਾਂ ਨੂੰ ਇਕ ਕਾਮਨ ਪੂਲ ਮੰਨਿਆ ਜਾਵੇਗਾ ਅਤੇ ਜੇਕਰ ਕਿਸੇ ਏਜੰਸੀ ਪਾਸ ਗੱਠਾਂ ਵੱਧ ਹੋਣ ਤਾਂ ਇਹ ਵਾਧੂ ਗੱਠਾਂ ਹੋਰ ਖਰੀਦ ਏਜੰਸੀਆਂ, ਜਿਨ੍ਹਾਂ ਨੂੰ ਗੱਠਾਂ ਦੀ ਘਾਟ ਹੈ, ਨੂੰ ਦਿੱਤੀਆ ਜਾਣਗੀਆਂ ਤਾਂ ਜੋ ਝੋਨੇ ਦੀ ਖਰੀਦ/ਭਰਾਈ ਕਰਨ ਲਈ ਕਿਸੇ ਵੀ ਮੰਡੀ ਵਿੱਚ ਕੋਈ ਮੁਸ਼ਕਲ ਪੇਸ਼ ਨਾ ਆਵੇ।**

ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਕਿਸੇ ਵੀ ਏਜੰਸੀ ਨੂੰ ਅਲਾਟਡ ਅਜਿਹੀਆਂ ਮੰਡੀਆਂ, ਜੋ ਕਿ ਪੂਰੀ ਤਰ੍ਹਾਂ ਸ਼ੈਲਰ/ਸੈਲਰਜ਼ ਨਾਲ ਲਿੰਕਡ ਹਨ, ਉਨ੍ਹਾਂ ਵਿੱਚ ਆੜ੍ਹਤੀਆਂ ਨੂੰ ਪੈਡੀ ਦੀ ਭਰਾਈ ਲਈ ਪਹਿਲ ਦੇ ਆਧਾਰ ਤੇ ਬਣਦਾ ਮਿਲਰ ਬਾਰਦਾਨਾਂ ਜਾਰੀ ਕੀਤਾ ਜਾਵੇਗਾ ਅਤੇ ਮਿਲਰ ਬਾਰਦਾਨਾ ਵਰਤਣ ਉਪਰੰਤ ਹੀ ਨਵੀਆਂ ਗੱਠਾਂ ਜਾਰੀ ਕੀਤੀਆਂ ਜਾਣਗੀਆਂ। ਜਿਹੜੀਆਂ ਮੰਡੀਆਂ ਕਿਸੇ ਵੀ ਮਿਲ ਨਾਲ ਲਿਕਿੰਡ ਨਹੀਂ ਹਨ, ਭਾਵ ਜਿਨ੍ਹਾਂ ਮੰਡੀਆਂ ਵਿੱਚੋ ਕਸਟਮ ਮਿਲਿੰਗ ਪਾਲਿਸੀ ਤਹਿਤ ਜਾਰੀ ਰਲੀਜ਼ ਆਰਡਰਾਂ ਰਾਹੀਂ ਪੈਡੀ ਸਿਫਟ ਕੀਤੀ ਜਾਣੀ ਹੈ, ਉਨ੍ਹਾਂ ਮੰਡੀਆਂ ਵਿੱਚ ਸਬੰਧਤ ਖਰੀਦ ਏਜੰਸੀ ਵੱਲੋਂ ਪਹਿਲੇ ਦਿਨ ਤੋਂ ਹੀ

ਆਮਦ ਦੇ ਅਨੁਸਾਰ ਰੋਜਾਨਾਂ ਨਵੀਆਂ ਗੱਠਾਂ ਮੁਹੱਈਆ ਕਰਵਾਈਆਂ ਜਾਣਗੀਆਂ ਅਤੇ ਰਲੀਜ਼ ਆਰਡਰਾਂ ਤੇ ਪੈਡੀ ਚੁੱਕਣ ਆਏ ਮਿਲਰਾਂ ਵੱਲੋਂ ਪੈਡੀ ਚੁੱਕਣ ਦੌਰਾਨ ਬਣਦਾ ਮਿਲਰ ਬਾਰਦਾਨਾ ਮੁਹੱਈਆ ਕਰਵਾਇਆ ਜਾਵੇਗਾ।

ਭਾਰਤ ਸਰਕਾਰ ਵੱਲੋਂ ਪੱਤਰ ਨੰਬਰ **15-8/2004-Py.III (Pt.) dated 18.05.2017, No. 15 (8)/2004-Py.III (Pt.) dated 05.10.2017** ਅਤੇ **No. 15-14/2018-Py.III dated 13.12.2018** ਰਾਹੀਂ ਹੇਠ ਦਰਸਾਈਆਂ ਗਈਆਂ ਹਦਾਇਤਾਂ ਦੀ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ:-

ੳ) ਸਬੰਧਤ ਖਰੀਦ ਏਜੰਸੀਆਂ ਵੱਲੋਂ ਸੀਜ਼ਨ ਦੌਰਾਨ ਖਰੀਦੀ ਗਈਆਂ ਜੂਟ ਬੋਰੀਆਂ ਅਤੇ ਝੋਨੇ ਦੀ ਭਰਾਈ ਲਈ ਵਰਤੀਆ ਜਾਣ ਵਾਲੀਆਂ ਜੂਟ ਬੋਰੀਆਂ ਦੇ ਖਾਤੇ ਹੇਠ ਦਰਸਾਏ ਪ੍ਰਫਾਰਮੇ ਅਨੁਸਾਰ ਵੱਖਰੇ ਤੋਰ ਤੇ ਤਿਆਰ **(Maintain)** ਕੀਤੇ ਜਾਣਗੇ।

ਅ) ਜਿਨ੍ਹਾਂ ਮਿਲਰ ਬੋਰੀਆਂ ਦਾ ਪ੍ਰਬੰਧ ਰਾਈਸ ਮਿਲਰਾਂ ਵੱਲੋਂ ਆਪਣੇ ਪੱਧਰ ਤੇ ਕੀਤਾ ਜਾ ਰਿਹਾ ਹੈ, ਉਨ੍ਹਾਂ ਬੋਰੀਆਂ ਦੇ ਖਾਤੇ ਵੀ ਰਾਈਸ ਮਿਲਰ ਵੱਲੋਂ ਕਾਇਮ **(Maintain)** ਤਿਆਰ ਕੀਤੇ ਜਾਣਗੇ ਤਾਂ ਜੋ ਸੀਜ਼ਨ ਦੌਰਾਨ ਨਵੀਆਂ ਅਤੇ ਪੁਰਾਣੀਆਂ ਬੋਰੀਆਂ ਦੀ ਵਰਤੋਂ ਸਬੰਧੀ ਸੂਚਨਾ ਕੰਪਾਈਲ ਕਰਕੇ ਭਾਰਤ ਸਰਕਾਰ ਵੱਲੋਂ ਮੰਗੀ ਗਈ ਸੂਚਨਾ ਅਨੁਸਾਰ ਮੁਹੱਈਆਂ ਕਰਵਾਈ ਜਾ ਸਕੇ:-

**Annexure**

**Procurment Season: KMS ..........**

| Quantity of paddy Procured (1) | No. of new bags procured (2) | Actual cost of bags procured (3) | No. of new bags used for CMR (4) | No. of new bags that remained unused. (5) | No. of Old bags in stock | | No. of old bags used in the current season (7) | No. of old bags that reamined unused (8) | Actual cost of unused bags (9) |
|---|---|---|---|---|---|---|---|---|---|
| | | | | | Carried over from previous season (6 a) | Procured for the current season (6b) | | | |

ੲ) ਰਾਈਸ ਮਿਲਰਾਂ ਵੱਲੋਂ ਆਪਣੇ ਪੱਧਰ ਤੇ ਮਿਲਰ ਬੋਰੀਆਂ ਦੇ ਕੀਤੇ ਗਏ ਪ੍ਰਬੰਧ ਦਾ ਰਿਕਾਰਡ ਜਿਵੇਂ ਕਿ ਬੋਰੀਆਂ ਦੀ ਸਪਲਾਈ ਦੇ ਵਰਕ ਆਰਡਰ, ਬਿਲ ਅਤੇ ਪੈਮੇਟ ਵਾਊਚਰ, ਮਿਲਰਾਂ ਵੱਲੋਂ ਤਿਆਰ **(Maintain)** ਕੀਤਾ ਜਾਵੇਗਾ ਤਾਂ ਜੋ ਰਾਜ/ਭਾਰਤ ਸਰਕਾਰ ਅਤੇ ਆਡਿਟ ਵੱਲੋਂ ਨਿਰੀਖਣ ਕਰਨ ਤੇ ਇਹ ਰਿਕਾਰਡ ਕਾਇਮ ਰੱਖਿਆ ਜਾਵੇ ਅਤੇ ਰਿਕਾਰਡ ਦੀ ਇਕ ਕਾਪੀ ਸਬੰਧਤ ਨਿਰੀਖਕ ਨੂੰ ਮੁਹੱਈਆ ਕਰਵਾਈ ਜਾਵੇ। ਜੇਕਰ ਮਿਲਰ ਵੱਲੋਂ ਸਬੰਧਤ ਰਿਕਾਰਡ ਭਾਵ ਬੋਰੀਆਂ ਦੀ ਸਪਲਾਈ ਦੇ ਵਰਕ ਆਰਡਰ, ਬਿਲ ਅਤੇ ਪੇਮੈਂਟ ਵਾਊਚਰ ਮੁਹੱਈਆਂ ਨਹੀਂ ਕਰਵਾਏ ਜਾਂਦੇ ਤਾਂ ਸਬੰਧਤ ਮਿਲਰ ਨੂੰ ਯੂਸੇਜ਼ ਚਾਰਜਿਜ਼ ਅਦਾ ਨਹੀਂ ਕੀਤੇ ਜਾਣਗੇ।

ਸ) ਮਿਲਰਾਂ ਵੱਲੋਂ ਦਿੱਤੇ ਜਾਣ ਵਾਲੇ ਮਿਲਰ ਬਾਰਦਾਨੇ ਤੇ ਹਰ ਮਿਲਰ ਵੱਲੋਂ ਫਸਲੀ ਸਾਲ, ਮਿਲਰ ਦਾ ਨਾਮ ਅਤੇ ਖਰੀਦ ਏਜੰਸੀ ਦੇ ਨਾਮ ਦਾ ਨੀਲੇ ਰੰਗ ਦਾ ਛਾਪਾ ਬੋਰੀਆਂ ਤੇ ਲਗਾਇਆ ਜਾਵੇਗਾ।

**12. ਬੋਰੀਆਂ ਦੀ ਚੁਕਵਾਈ ਢੋਆ/ਢੋਆਈ ਸਬੰਧੀ**

ਹਰ ਇਕ ਖਰੀਦ ਏਜੰਸੀ ਝੋਨੇ ਦੀ ਖਰੀਦ ਤੋਂ 72 ਘੰਟਿਆਂ ਦੇ ਅੰਦਰ-2 ਝੋਨੇ ਨੂੰ ਮੰਡੀਆਂ ਵਿੱਚੋਂ ਚੁੱਕ ਕੇ ਭੰਡਾਰ ਕਰਨ ਵਾਲੀ ਥਾਂ ਤੇ ਲੈਕੇ ਜਾਵੇਗੀ। ਝੋਨੇ ਦੀ ਚੁਕਵਾਈ ਸਬੰਧੀ ਅੰਕੜੇ ਰੋਜ਼ ਦੀ ਰੋਜ਼ ਮੁੱਖ ਦਫਤਰ ਨੂੰ ਕੰਟਰੋਲ ਰੂਮ ਨੰਬਰ ਫੋਨ ਨੰਬਰ 0172-2690125, 0172-2684000 ਤੇ ਭੇਜੇ ਜਾਣ ਨੂੰ ਯਕੀਨੀ ਬਣਾਇਆ ਜਾਵੇ। ਝੋਨੇ ਦੀ ਲੋਡਿੰਗ ਦੇ ਵੇਰਵੇ **anaajkharidportal** ਤੇ ਵੀ ਲਾਜ਼ਮੀ ਤੌਰ ਤੇ ਅਪਲੋਡ ਕੀਤੇ ਜਾਣਗੇ।

ਝੋਨੇ ਦੀ ਲਿਫਟਿੰਗ ਕਰਵਾਉਣ ਸਮੇਂ ਵਾਹਨਾਂ/ਟਰੱਕਾਂ/ਟਰਾਲੀਆਂ ਆਦਿ ਲਈ ਮੰਡੀ ਵਿਚੋ ਝੋਨੇ ਦੀ ਲਿਫਟਿੰਗ ਦਾ ਆਨਲਾਈਨ ਵਿਧੀ ਦੁਆਰਾ ਅਨਾਜ ਖਰੀਦ ਪੋਰਟਲ ਦੀ ਮੋਬਾਇਲ ਐਪ ਰਾਹੀਂ ਗੇਟ ਪਾਸ ਕੱਟਿਆ ਜਾਵੇਗਾ ਜਿਸ ਦੀ ਇਕ-ਇਕ ਕਾਪੀ ਸਬੰਧਤ ਆੜਤੀਏ, ਮਾਰਕੀਟ ਕਮੇਟੀ ਦੇ ਨੁਮਾਇੰਦੇ, ਟਰੱਕ ਡਰਾਈਵਰ ਅਤੇ ਸਟੋਰੇਜ਼ ਪੁਆਇੰਟ ਤੇ ਨਿਯੁਕਤ ਅਮਲੇ ਦੇ **login** ਵਿੱਚ ਦਰਸਾਈ ਜਾਵੇਗੀ। ਹਰ ਲੱਦੇ ਹੋਏ ਵਾਹਨ ਨੂੰ ਮੰਡੀ ਬੋਰਡ ਦੇ ਕਰਮਚਾਰੀ ਵੱਲੋਂ ਮੰਡੀ ਦੇ ਗੇਟ ਤੋਂ ਬਾਹਰ ਨਿਕਲਣ ਵੇਲੇ ਚੈੱਕ ਕੀਤਾ ਜਾਵੇਗਾ ਕਿ ਅਤੇ ਉਸ ਦਾ ਮਿਲਾਨ ਸਬੰਧਤ ਗੇਟ ਪਾਸ ਕਰਦੇ ਹੋਏ ਵਾਹਨ ਦੀ ਫੋਟੋ ਗੇਟ ਪਾਸ ਚਲਾਨ ਵਿੱਚ ਅਨਾਜ ਖਰੀਦ ਪੋਰਟਲ ਰਾਹੀਂ ਆਨਲਾਈਨ ਦਰਜ਼ ਕੀਤੀ ਜਾਵੇਗੀ। ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਵੀ ਸੈੱਲਰ ਦੇ ਅਹਾਤੇ ਵਿੱਚ ਅਨਲੋਡ ਹੋਇਆ/ਸਟੋਰ ਕੀਤਾ ਝੋਨਾ ਗੇਟ ਪਾਸ ਅਨੁਸਾਰ ਪ੍ਰਮਾਣਿਤ ਨਹੀਂ ਹੋਵੇਗਾ ਤਾਂ ਉਸ ਨੂੰ ਗੈਰ ਕਾਨੂੰਨੀ/ਅਣ-ਅਧਿਕਾਰਤ ਅਤੇ **Recycling/bogus billing** ਕਰਨ ਦੀ ਮਨਸ਼ਾ ਨਾਲ ਸਟੋਰ ਕੀਤਾ ਮੰਨਿਆ ਜਾਵੇਗਾ ਅਤੇ ਸਬੰਧਤ ਰਾਈਸ ਮਿਲ ਵਿਰੁੱਧ ਸਖ਼ਤ ਪ੍ਰਸ਼ਾਸਨਿਕ ਕਾਰਵਾਈ ਕੀਤੀ ਜਾਵੇਗੀ।

ਇਹ ਵੀ ਯਕੀਨੀ ਬਣਾਇਆ ਜਾਵੇਗਾ ਕਿ ਜਿਹੜੇ ਟਰੱਕਾਂ ਨਾਲ ਝੋਨੇ ਦੀ ਲਿਫਟਿੰਗ ਕਰਵਾਈ ਜਾਣੀ ਹੈ, ਉਨ੍ਹਾਂ ਟਰੱਕਾਂ ਵਿੱਚ **VTS (Vehicle Tracking System)** ਸਿਸਟਮ ਹੋਣਾ ਲਾਜ਼ਮੀ ਹੈ ਤਾਂ ਜੋ ਜੀ.ਪੀ.ਐੱਸ ਸਿਸਟਮ ਰਾਹੀਂ

ਵਾਹਨ ਦੀ ਮੂਵਮੈਂਟ ਨੂੰ ਟਰੈਕ ਕੀਤਾ ਜਾ ਸਕੇ। ਇਸ ਲਈ ਢੋਆ ਢੋਆਈ ਠੇਕੇਦਾਰ ਇਹ ਯਕੀਨੀ ਬਣਾਉਣਗੇ ਕਿ ਝੋਨੇ ਦੀ ਢੋਆ ਢੋਆਈ ਸਿਰਫ **GPS enabled vehicles** ਦੀ ਵਰਤੋਂ ਰਾਹੀਂ ਹੀ ਕੀਤੀ ਜਾਵੇ।ਵਾਹਨਾਂ ਵਿੱਚ **install** ਕੀਤੇ ਜਾਣ ਵਾਲੇ **GPS devices** ਨੂੰ ਵਿਭਾਗ ਦੁਆਰਾ **empanelled** ਕੀਤੇ ਗਏ **Service providers (Annexure-III)** ਤੋਂ ਲਿਆ ਜਾਵੇ ਅਤੇ ਪ੍ਰਬੰਧਕੀ ਵਿਭਾਗ ਦੁਆਰਾ ਆਪਣੇ **online** ਅਨਾਜ ਖਰੀਦ ਪੋਰਟਲ ਤੇ ਉਪਲੱਬਧ **Vehicle Tracking System** ਨਾਲ **integrated/mapped** ਕੀਤਾ ਜਾਵੇਗਾ।

ਆਮ ਤੋਰ ਤੇ ਮੰਡੀਆਂ ਵਿੱਚ ਕਿਸਾਨਾਂ ਵੱਲੋਂ ਭਾਰੀ ਮਾਤਰਾ ਵਿੱਚ ਝੋਨਾ ਲਿਆਉਣ ਕਾਰਨ ਝੋਨੇ ਦੀ ਬਹੁਤਾਤ ਹੋ ਜਾਂਦੀ ਹੈ, ਜਿਸ ਕਾਰਨ ਕਈ ਵਾਰ ਟਰੱਕਾਂ ਦੀ ਘਾਟ ਹੋਣ ਕਾਰਨ ਚੁਕਾਈ ਦੀ ਸਮੱਸਿਆ ਆ ਸਕਦੀ ਹੈ, ਇਸ ਲਈ ਟਰੱਕਾਂ ਵਿੱਚੋ ਪੈਡੀ ਦੀ ਨਿਰਵਿਘਨ ਉਤਰਾਈ ਨੂੰ ਯਕੀਨੀ ਬਣਾਇਆ ਜਾਵੇ ਤਾਂ ਜੋ ਟਰੱਕ ਵੱਧ ਚੱਕਰ ਲਗਾ ਸਕਣ।

**13. <u>ਝੋਨੇ ਦੀ ਅਦਾਇਗੀ</u>**

ਖਰੀਫ ਸੀਜ਼ਨ 2023-24 ਦੌਰਾਨ ਖਰੀਦ ਕੀਤੇ ਜਾਣ ਵਾਲੇ ਝੋਨੇ ਦੀ ਅਦਾਇਗੀ ਆਨਲਾਈਨ ਵਿਧੀ ਨਾਲ **anaajkharid.in** ਪੋਰਟਲ ਰਾਹੀਂ ਕੀਤੀ ਜਾਵੇਗੀ ਜਿਸ ਅਨੁਸਾਰ ਝੋਨੇ ਦੇ ਘੱਟੋ ਘੱਟ ਸਮਰਥਨ ਮੁੱਲ (ਐਮ.ਐੱਸ.ਪੀ) ਦੀ ਅਦਾਇਗੀ ਸਿੱਧੀ ਕਿਸਾਨਾਂ ਦੇ ਖਾਤਿਆ ਵਿੱਚ ਆਨਲਾਈਨ ਕੀਤੀ ਜਾਵੇਗੀ। ਇਸ ਸਬੰਧੀ ਵਿਸਥਾਰਪੂਰਵਕ ਹਦਾਇਤਾਂ ਸਮੇਤ **SOP** ਵਿੱਤ ਸ਼ਾਖਾ ਵੱਲੋਂ ਵੱਖਰੇ ਤੌਰ ਤੇ ਜਾਰੀ ਕੀਤੀਆ ਜਾਣਗੀਆਂ।

**14. <u>ਪੈਡੀ ਨੂੰ ਖਰੀਦ ਉਪਰੰਤ ਭੰਡਾਰ ਕਰਨ ਸਬੰਧੀ</u>**

ਖਰੀਫ ਸੀਜ਼ਨ 2023-24 ਦੌਰਾਨ ਖਰੀਦੀ ਗਈ ਪੈਡੀ ਨੂੰ ਮੁੱਖ ਦਫਤਰ ਦੀ ਚੋਲ ਸ਼ਾਖਾ ਵੱਲੋਂ ਪੱਤਰ ਨੰਬਰ **DFS-RICE01 (1)/1/2023- (447099)-324-326 Dated 31.07.2023** ਰਾਹੀਂ ਜਾਰੀ ਕੀਤੀ ਗਈ "**ਦੀ ਪੰਜਾਬ ਕਸਟਮ ਮਿਲਿੰਗ ਪਾਲਿਸੀ ਫਾਰ ਖਰੀਫ 2023-24**" ਅਨੁਸਾਰ ਅਲਾਟਡ ਮਿਲਾਂ ਤੇ ਭੰਡਾਰ ਕਰਵਾਇਆ ਜਾਵੇ।

**15. <u>ਅੰਕੜਿਆਂ ਸਬੰਧੀ ਸੂਚਨਾ</u>**

ਹਰ ਸਰਕਲ ਦਫਤਰ ਵਿਖੇ ਸੀਜ਼ਨ ਦੌਰਾਨ ਕੰਟਰੋਲ ਰੂਮ ਚਾਲੂ ਰੱਖੇ ਜਾਣਗੇ। ਰੋਜਾਨਾਂ ਝੋਨੇ ਦੀ ਖਰੀਦ, ਲਿਫਟਿੰਗ ਅਤੇ ਪੈਮੇਂਟ ਸਬੰਧੀ ਅੰਕੜੇ ਮੁੱਖ ਦਫਤਰ ਵਿਖੇ ਕੰਟਰੋਲ ਰੂਮ ਦੇ ਫੋਨ ਨੰਬਰ 0172-2690125 ਅਤੇ ਨੰਬਰ 0172-2684000 ਤੇ ਸੂਚਿਤ ਕੀਤੇ ਜਾਣਗੇ। ਜਿਲ੍ਹਾ ਅਧਿਕਾਰੀ ਹਰ ਰੋਜ਼ ਇਸ ਗੱਲ ਦੀ ਨਿੱਜੀ ਤੌਰ ਤੇ ਤਸੱਲੀ ਕਰਨਗੇ ਕਿ ਸੂਚਨਾ ਹਰ ਹਾਲਤ ਵਿਚ ਮੁੱਖ ਦਫਤਰ ਨੂੰ ਸ਼ਾਮ 7.00 ਵਜੇ ਤੱਕ ਭੇਜ ਦਿੱਤੀ ਗਈ ਹੈ।

**16. <u>ਜਿਲ੍ਹਾ ਲੈਵਲ ਪ੍ਰਕਿਓਰਮੈਂਟ ਕਮੇਟੀ</u>**

ਸਰਕਾਰ ਵੱਲੋਂ ਖਰੀਦ ਦੇ ਕੰਮ ਨੂੰ ਸੁਚਾਰੂ ਰੂਪ ਵਿੱਚ ਨੇਪਰੇ ਚਾੜ੍ਹਨ ਲਈ ਜਿਲ੍ਹਾ ਲੈਵਲ ਪ੍ਰਕਿਓਰਮੈਂਟ ਕਮੇਟੀ ਦੀ ਹੇਠ ਲਿਖੇ ਅਨੁਸਾਰ ਬਣਤਰ ਕੀਤੀ ਗਈ ਹੈ:-

| | | |
|---|---|---|
| 1. | ਡਿਪਟੀ ਕਮਿਸ਼ਨਰ | ਚੇਅਰਮੈਨ |
| 2. | ਜਿਲ੍ਹਾ ਮੈਨੇਜਰ, ਪਨਗਰੇਨ | ਮੈਂਬਰ-ਕਨਵੀਨਰ |
| 3. | ਜਿਲ੍ਹਾ ਮੈਨੇਜਰ, ਮਾਰਕਫੈਡ | ਮੈਂਬਰ |
| 4. | ਜਿਲ੍ਹਾ ਮੈਨੇਜਰ, ਪਨਸਪ | ਮੈਂਬਰ |
| 5. | ਜਿਲ੍ਹਾ ਮੈਨੇਜਰ, ਵੇਅਰ ਹਾਊਸ | ਮੈਂਬਰ |
| 6. | ਡਵੀਜ਼ਨਲ ਏਰੀਆਂ ਮੈਨੇਜਰ, ਐਫ.ਸੀ.ਆਈ | ਮੈਂਬਰ |
| 7. | ਜਿਲ੍ਹਾ ਮੰਡੀ ਅਫਸਰ, ਮੰਡੀ ਬੋਰਡ | ਮੈਂਬਰ |

ਉਕਤ ਗਠਿਤ ਕੀਤੀ ਗਈ ਕਮੇਟੀ ਵੱਲੋਂ ਸੀਜ਼ਨ ਦੌਰਾਨ ਰੋਜਾਨਾਂ ਝੋਨੇ ਦੀ ਆਮਦ, ਖਰੀਦ, ਲਿਫਟਿੰਗ, ਸਟਾਕ ਆਰਟੀਕਲਜ਼ ਦੇ ਪ੍ਰਬੰਧਾਂ, ਅਦਾਇਗੀ ਅਤੇ ਜਿਲ੍ਹੇ ਦੇ ਅੰਦਰ ਖਰੀਦ ਏਜੰਸੀਆਂ ਵਿਚਕਾਰ ਗੱਠਾਂ ਦੀ ਮੂਵਮੈਂਟ ਆਦਿ ਦੀ ਸਮੀਖਿਆ ਕੀਤੀ ਜਾਵੇਗੀ।

**17. <u>ਕਿਸਾਨਾਂ ਦੀਆਂ ਮੁਸ਼ਕਲਾਂ ਦੇ ਨਿਪਟਾਰੇ ਲਈ ਝਗੜਾ ਨਿਪਟਾਊ ਕਮੇਟੀਆਂ ਦਾ ਗਠਨ ਕਰਨ ਬਾਰੇ।</u>**

ਝੋਨੇ ਦੀ ਖਰੀਦ ਦੀ ਗਤੀਵਿੱਧੀ ਨੂੰ ਸੁਚੱਜੇ ਢੰਗ ਨਾਲ ਚਲਾਉਣ ਅਤੇ ਕਿਸਾਨਾਂ ਦੀਆਂ ਮੁਸ਼ਕਲਾਂ ਨੂੰ ਮੌਕੇ ਤੇ ਹੀ ਨਿਪਟਾਉਣ ਲਈ ਸਬੰਧਤ ਡਿਪਟੀ ਕਮਿਸ਼ਨਰਾਂ ਵੱਲੋਂ ਝਗੜਾ ਨਿਪਟਾਊ ਕਮੇਟੀਆਂ ਦਾ ਗਠਨ ਕੀਤਾ ਜਾਵੇਗਾ, ਜਿਸ ਵਿਚ ਸਬੰਧਤ ਖਰੀਦ ਏਜੰਸੀ, ਮੰਡੀ ਬੋਰਡ, ਆੜ੍ਹਤੀਆਂ, ਚਾਵਲ ਮਿੱਲ ਮਾਲਕ ਅਤੇ ਕਿਸਾਨਾਂ ਦੇ ਨੁਮਾਇੰਦੇ ਮੈਂਬਰ ਹੋਣਗੇ। ਇਸ ਲਈ ਜੇਕਰ ਕਿਸੇ ਜਿੰਮੀਦਾਰ ਵੱਲੋਂ ਝੋਨੇ ਦੀ ਵੇਚ ਸਬੰਧੀ ਕੋਈ ਸ਼ਿਕਾਇਤ ਪ੍ਰਾਪਤ ਹੁੰਦੀ ਹੈ ਤਾਂ ਉਸਦਾ ਨਿਪਟਾਰਾ ਇਸ ਕਮੇਟੀ ਵੱਲੋਂ ਮੌਕੇ ਤੇ ਹੀ ਕਰਵਾਇਆ ਜਾਵੇਗਾ।

18. **ਵਿਸ਼ੇਸ਼ ਹਦਾਇਤਾਂ**

ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ ਹਰ ਇੱਕ ਮੰਡੀ/ਖਰੀਦ ਕੇਂਦਰ ਤੇ ਬਤੌਰ ਨੋਡਲ ਏਜੰਸੀ ਦਾ ਕੰਮ ਕਰਦਾ ਹੈ। ਇਸ ਲਈ ਹਰ ਇੱਕ ਮੰਡੀ ਵਿੱਚ ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ ਦੇ ਨਿਯੁਕਤ ਨਿਰੀਖਕ ਵੱਲੋਂ ਹੇਠ ਲਿਖੇ ਅਨੁਸਾਰ ਪ੍ਰਬੰਧਾਂ ਨੂੰ ਯਕੀਨੀ ਬਣਾਇਆ ਜਾਵੇ:-

(ੳ) ਮੰਡੀ ਵਿੱਚ ਖਰੀਦ ਕਰ ਰਹੀ ਏਜੰਸੀ ਵੱਲੋਂ ਨਵਾਂ ਬਾਰਦਾਨਾ ਅਤੇ ਲਿੰਕਡ ਮਿਲਰ ਵੱਲੋਂ ਮਿਲਰ ਬਾਰਦਾਨਾ ਮੁਹੱਈਆ ਕਰਵਾ ਦਿੱਤਾ ਗਿਆ ਹੈ।

(ਅ) ਸਬੰਧਤ ਏਜੰਸੀ ਵੱਲੋਂ ਮਜ਼ਦੂਰੀ ਅਤੇ ਢੋਆ ਢੋਆਈ ਦੇ ਠੇਕੇ ਦਾ ਪ੍ਰਬੰਧ ਕੀਤਾ ਗਿਆ ਹੈ।

(ੲ) ਸਬੰਧਤ ਏਜਸੀ ਕੋਲ ਖਰੀਦ ਅਨੁਸਾਰ ਭੰਡਾਰਕ ਸਮਰੱਥਾ ਦਾ ਪ੍ਰਬੰਧ ਕੀਤਾ ਗਿਆ ਹੈ।

(ਸ) ਸਬੰਧਤ ਮਾਰਕਿਟ ਕਮੇਟੀ ਵੱਲੋਂ ਪੱਕੇ ਫੜ੍ਹਾਂ ਦਾ ਇੰਤਜਾਮ, ਰੋਸ਼ਨੀ ਅਤੇ ਪਾਣੀ/ਸਫਾਈ/ਛਾਂ ਦਾ ਪ੍ਰਬੰਧ ਕੀਤਾ ਗਿਆ ਹੈ।

(ਹ) ਮਾਰਕਿਟ ਕਮੇਟੀ ਵੱਲੋਂ ਬਿਜਲੀ ਦਾ ਪਾਵਰ ਕੁਨੈਕਸ਼ਨ ਲੈਂਦੇ ਹੋਏ ਆੜ੍ਹਤੀਆਂ ਨੂੰ ਅੱਗੇ ਕੁਨੈਕਸ਼ਨ ਦੇ ਦਿੱਤੇ ਗਏ ਹਨ।

(ਕ) ਆੜ੍ਹਤੀਆਂ ਕੋਲ ਮੰਡੀ ਬੋਰਡ ਦੇ ਉਪ ਨਿਯਮਾਂ ਅਧੀਨ ਤਰਪਾਲਾਂ, ਕਰੇਟਾਂ, ਪੋਲੀਥੀਨ ਕਵਰ ਅਤੇ ਪਾਵਰ ਕਲੀਨਰਾਂ ਅਤੇ ਸਟੈਂਡ ਬਾਈ ਜਨਰੇਟਰਾਂ ਦਾ ਪੂਰਾ ਪ੍ਰਬੰਧ ਕੀਤਾ ਗਿਆ ਹੈ।

(ਖ) ਹਰ ਇੱਕ ਖਰੀਦ ਕੇਂਦਰ ਵਿਚ ਖਰੀਦ ਕੇਂਦਰ ਦੇ ਇੰਚਾਰਜ ਦਾ ਨਾਂ/ਪਤਾ ਅਤੇ ਸਮੂਹ ਅਮਲੇ ਦੇ ਟੈਲੀਫੋਨ ਨੰਬਰ ਉਪਲੱਬਧ ਹੋਣਗੇ ਤਾਂ ਜੋ ਲੋੜ ਅਨੁਸਾਰ ਉਨ੍ਹਾਂ ਨਾਲ ਸੰਪਰਕ ਕੀਤਾ ਜਾ ਸਕੇ।

ਉਪਰੋਕਤ ਅਨੁਸਾਰ ਮੰਡੀ ਬੋਰਡ ਤੋਂ ਪ੍ਰਬੰਧਾਂ ਨੂੰ ਪੂਰਾ ਕਰਵਾਉਣਾ ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਵਿਭਾਗ ਦੀ ਜਿੰਮੇਵਾਰੀ ਹੈ। ਜੇਕਰ ਸੀਜ਼ਨ ਦੌਰਾਨ ਕਿਸੇ ਭੰਡਾਰ ਕਰਨ ਵਾਲੀ ਵਸਤੂ ਦੀ ਘਾਟ ਪਾਈ ਜਾਂਦੀ ਹੈ ਤਾਂ ਜਿਲ੍ਹਾ ਅਧਿਕਾਰੀਆਂ ਦੁਆਰਾ ਤੁਰੰਤ ਲੋੜੀਂਦੀ ਕਾਰਵਾਈ ਕਰਦੇ ਹੋਏ ਮੁੱਖ ਦਫਤਰ ਨੂੰ ਸੂਚਿਤ ਕੀਤਾ ਜਾਵੇਗਾ।

19. **ਧਿਆਨ ਦੇਣ ਯੋਗ ਫੁਟਕਲ ਉਪਬੰਧ**

ਮੰਡੀ/ਖਰੀਦ ਕੇਂਦਰ ਵਿਚ ਝੋਨੇ ਦੀ ਖਰੀਦ ਹਰ ਐਤਵਾਰ ਅਤੇ ਹਰ ਛੁੱਟੀ ਵਾਲੇ ਦਿਨ ਵੀ ਕੀਤੀ ਜਾਵੇਗੀ ਤਾਂ ਜੋ ਮੰਡੀ/ਖਰੀਦ ਕੇਂਦਰ ਵਿਚ ਝੋਨੇ ਦੀ ਬਹੁਤਾਤ ਨਾ ਹੋਵੇ। ਇਸ ਲਈ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇ ਕਿ ਹਰ ਐਤਵਾਰ ਅਤੇ ਹਰ ਛੁੱਟੀ ਵਾਲੇ ਦਿਨ ਵੀ ਮੰਡੀ ਵਿਚ ਝੋਨੇ ਦੀ ਨਿਰਵਿਘਨ ਖਰੀਦ ਕੀਤੀ ਜਾ ਰਹੀ ਹੈ।

ੳ) ਮੰਡੀ ਵਿੱਚ ਖਰੀਦ ਦੇ ਕੰਮ ਲਈ ਨਿਯੁਕਤ ਕੀਤੇ ਹੋਏ ਕਰਮਚਾਰੀਆਂ ਨੂੰ ਖਰੀਦ ਸੀਜ਼ਨ ਦੌਰਾਨ ਛੁੱਟੀ ਨਹੀਂ ਦਿੱਤੀ ਜਾਵੇਗੀ। ਕੇਵਲ ਆਸਾਧਾਰਨ ਸਥਿਤੀ ਵਿਚ ਹੀ ਬਦਲਵੇਂ ਪ੍ਰਬੰਧ ਕਰਨ ਉਪਰੰਤ ਸਮਰੱਥ ਅਧਿਕਾਰੀ ਖਰੀਦ ਤੇ ਤਾਇਨਾਤ ਅਧਿਕਾਰੀ/ਕਰਮਚਾਰੀ ਨੂੰ ਛੁੱਟੀ ਦੀ ਪ੍ਰਵਾਨਗੀ ਦੇਣਗੇ।

ਅ) ਖਰੀਦ ਏਜੰਸੀਆਂ ਦੇ ਅਮਲੇ ਨੂੰ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਆੜ੍ਹਤੀਏ, ਖਰੀਦ ਏਜੰਸੀਆਂ ਦੇ ਜਾਂ ਮੰਡੀ ਬੋਰਡ ਦੇ ਅਮਲੇ ਵੱਲੋਂ ਕਿਸਾਨਾਂ ਤੋਂ ਝੋਨੇ ਦੀ ਖਰੀਦ ਸਬੰਧੀ ਨਜ਼ਾਇਜ ਕਟੋਤੀ ਸਬੰਧੀ ਸ਼ਿਕਾਇਤ ਪ੍ਰਾਪਤ ਹੁੰਦੀ ਹੈ ਤਾਂ ਇਸ ਸਬੰਧੀ ਸਖਤ ਕਾਰਵਾਈ ਕੀਤੀ ਜਾਵੇਗੀ, ਜਿਸ ਵਿੱਚ ਹੋਰ ਕਾਰਵਾਈ ਦੇ ਨਾਲ ਫੌਜਦਾਰੀ ਕੇਸ ਵੀ ਦਰਜ ਕਰਵਾਇਆ ਜਾ ਸਕਦਾ ਹੈ। ਇਸ ਲਈ ਸਮੂਹ ਖਰੀਦ ਏਜੰਸੀਆਂ ਅਤੇ ਮੰਡੀ ਬੋਰਡ ਦਾ ਅਮਲਾ ਅਤੇ ਆੜ੍ਹਤੀਏ ਇਸ ਸਬੰਧੀ ਸੁਚੇਤ ਰਹਿਣ।

20. **ਸਪਸ਼ਟੀਕਰਨ ਦੇ ਅਖਤਿਆਰ**

ਖਰੀਦ ਨਾਲ ਸਬੰਧਤ ਸਾਰੇ ਨੁਕਤਿਆਂ ਸਬੰਧੀ ਪਾਲਿਸੀ ਵਿਚ ਉਪਬੰਧ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਪਰੰਤੂ ਖਰੀਦ ਦੌਰਾਨ ਜੇਕਰ ਕੋਈ ਅਜਿਹਾ ਨੁਕਤਾ ਸਾਹਮਣੇ ਆਉਂਦਾ ਹੈ ਜਿਸ ਬਾਰੇ ਪਾਲਿਸੀ ਵਿਚ ਸਪਸ਼ਟ ਨਾ ਕੀਤਾ ਗਿਆ ਹੋਵੇ, ਅਜਿਹੇ ਨੁਕਤਿਆਂ ਸਬੰਧੀ ਡਾਇਰੈਕਟਰ, ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ ਦੁਆਰਾ ਦਿੱਤੇ ਗਏ ਨਿਰਦੇਸ਼ਾਂ ਨੂੰ ਇਸ ਪਾਲਿਸੀ ਦਾ ਹਿੱਸਾ ਮੰਨਿਆ ਜਾਵੇਗਾ।

ਉਪਰੋਕਤ ਪਾਲਿਸੀ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ ਅਤੇ ਜੇਕਰ ਕਿਸੇ ਅਧਿਕਾਰੀ/ਕਰਮਚਾਰੀ ਵੱਲੋਂ ਕਿਸੇ ਕਿਸਮ ਦੀ ਅਣਗਹਿਲੀ ਵਰਤੀ ਜਾਂਦੀ ਹੈ ਤਾਂ ਉਸ ਵਿਰੁੱਧ ਸਖ਼ਤ ਪ੍ਰਸਾਸ਼ਨਿਕ ਕਾਰਵਾਈ ਕੀਤੀ ਜਾਵੇਗੀ।

ਅਡੀਸ਼ਨਲ ਮੈਨੇਜਿੰਗ ਡਾਇਰੈਕਟਰ ਪਨਗਰੇਨ

ਮਿਤੀ ਚੰਡੀਗੜ੍ਹ : 30.09.2023

ਵਾ:- ਸਕੱਤਰ, ਖੁਰਾਕ, ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ, ਪੰਜਾਬ।

Annexure - I

ਵੱਲੋ

ਡਾਇਰੈਕਟਰ ਖੁਰਾਕ, ਸਿਵਲ ਸਪਲਾਈ ਅਤੇ
ਖਪਤਕਾਰ ਮਾਮਲੇ ਵਿਭਾਗ,ਪੰਜਾਬ ।

ਸੇਵਾ ਵਿਖੇ,

1. ਡਿਪਟੀ ਡਾਇਰੈਕਟਰ(ਫੀਲਡ)
ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ
ਪਟਿਆਲਾ, ਜਲੰਧਰ ਅਤੇ ਫਿਰੋਜ਼ਪੁਰ ।

2. ਸਮੂਹ ਜਿਲ੍ਹਾ ਕੰਟਰੋਲਰ,
ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ
ਪੰਜਾਬ ਰਾਜ ਵਿਚ ।

ਮੀਮੋ ਨੰ: ਅਖ-1(877)-2004/293
ਮਿਤੀ: ਚੰਡੀਗੜ੍ਹ : 02-3-04

ਵਿਸ਼ਾ:- ਪੈਡੀ ਦੀ ਆਮਦ ਨੂੰ ਆੜ੍ਹਤੀਆਂ ਦੁਆਰਾ ਪੀ.ਆਰ.1 ਰਜਿਸਟਰ ਵਿਚ ਦਰਜ ਨਾ ਕਰਾਉਣ ਬਾਰੇ ।

---

ਹਵਾਲਾ ਮੁੱਖ ਦਫਤਰ ਦਾ ਮੀਮੋ ਨੰ: ਅਖ-1-2003/1648, ਮਿਤੀ 25-9-2003 ਉਪਰੋਕਤ ਵਿਸ਼ੇ ਦੇ ਸਬੰਧ ਵਿਚ ।

2- ਹਵਾਲੇ ਅਧੀਨ ਪੱਤਰ ਨਾਲ ਇਹ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਕਿ ਪੰਜਾਬ ਟਰੇਡ ਆਰਟੀਕਲਜ਼ ਲਾਇਸੰਸ ਦੇ ਹੋਂਦ ਵਿਚ ਨਾ ਰਹਿਣ ਕਾਰਨ, ਜੇਕਰ ਆੜ੍ਹਤੀਆਂ ਵੱਲੋਂ ਖੁਰਾਕ ਤੇ ਸਪਲਾਈ ਵਿਭਾਗ ਦੇ ਪੀ.ਆਰ.1 ਰਜਿਸਟਰ ਵਿੱਚ, ਉਨ੍ਹਾਂ ਵੱਲੋਂ ਮੰਡੀਆਂ ਵਿੱਚ ਖਰੀਦੀ ਜਾਣ ਵਾਲੀ ਪੈਡੀ ਦਾ ਇੰਦਰਾਜ ਨਹੀਂ ਕਰਵਾਇਆ ਜਾਂਦਾ ਤਾਂ ਇਸ ਸਬੰਧ ਵਿਚ ਮੰਡੀ ਬੋਰਡ ਤੋਂ ਸੂਚਨਾ ਪ੍ਰਾਪਤ ਕਰਕੇ ਆਪਣਾ ਰਿਕਾਰਡ ਮੁਕੰਮਲ ਰੱਖਿਆ ਜਾਵੇ ਕਿਉਂਕਿ ਮੰਡੀ ਬੋਰਡ ਵੱਲੋਂ ਮੰਡੀ ਵਿਚ ਆਮਦ ਦਾ ਰਿਕਾਰਡ ਰੱਖਿਆ ਜਾਂਦਾ ਹੈ ।

3- ਉਪਰੋਕਤ ਪੱਤਰ ਤੁਰੰਤ ਵਾਪਸ ਲਿਆ ਜਾਂਦਾ ਹੈ ਅਤੇ ਹਦਾਇਤ ਕੀਤੀ ਜਾਂਦੀ ਹੈ ਕਿ ਭਵਿੱਖ ਵਿੱਚ ਜਿਨਸ ਦੀ ਆਮਦ, ਭਾਵ ਕਣਕ ਅਤੇ ਪੈਡੀ ਦੀ ਮੰਡੀ ਵਿਚ ਆਮਦ, ਦਾ ਰਿਕਾਰਡ ਪੀ.ਆਰ.1 ਰਜਿਸਟਰ ਵਿੱਚ ਕੀਤੇ ਗਏ ਇੰਦਰਾਜਾਂ ਦੇ ਅਧਾਰ ਤੇ ਹੀ ਰੱਖਿਆ ਜਾਵੇ ਅਤੇ ਪੀ.ਆਰ.1 ਰਜਿਸਟਰ ਵਿਚ ਦਰਜ ਆਮਦ ਨੂੰ ਹੀ ਹੋਈ ਆਮਦ ਮੰਨਿਆ ਜਾਵੇ । ਜੇਕਰ ਕਿਸੇ ਆੜ੍ਹਤੀ ਵੱਲੋਂ ਇਹ ਸੂਚਨਾ ਦੇਣ ਵਿਚ ਆਨਾ-ਕਾਨੀ/ਜਾਂ ਦੇਰੀ ਕੀਤੀ ਜਾਂਦੀ ਹੈ ਤਾਂ ਉਸ ਫਰਮ ਤੋ ਸਰਕਾਰੀ ਖਰੀਦ ਨਿਲੰਬਿਤ ਕਰ ਦਿੱਤੀ ਜਾਵੇ । ਜਿਹੜੀ ਝੋਨੇ ਦੀ ਸੂਚਨਾ ਪੀ.ਆਰ.1 ਰਜਿਸਟਰ ਵਿਚ ਦਰਜ ਨਹੀਂ ਹੋਵੇਗੀ, ਉਸ ਤੇ ਕੋਈ ਲੇਵੀ ਇਨਟਾਈਟਲਮੈਂਟ ਲਾਗੂ ਨਹੀਂ ਹੋਵੇਗੀ । ਸਬੰਧਤ ਨਿਰੀਖਕ ਵੱਲੋਂ ਪੀ.ਆਰ.1 ਰਜਿਸਟਰ ਨੂੰ ਰੋਜ਼ਾਨਾ ਭਰਨਾ ਅਤੇ ਉਸਦੀ ਡੇਲੀ ਸਮਰੀ ਬਣਾਉਣਾ ਸਬੰਧਤ ਖੁਰਾਕ ਤੇ ਸਪਲਾਈ ਅਫਸਰ/ ਸਹਾਇਕ ਖੁਰਾਕ ਤੇ ਸਪਲਾਈ ਅਫਸਰ ਦੀ ਨਿੱਜੀ ਜਿੰਮੇਵਾਰੀ ਹੋਵੇਗੀ ।

ਸਯੁੰਕਤ ਡਾਇਰੈਕਟਰ (ਖਰੀਦ),
ਵਾਸਤੇ ਡਾਇਰੈਕਟਰ ਖੁਰਾਕ, ਸਿਵਲ ਸਪਲਾਈ ਅਤੇ
ਖਪਤਕਾਰ ਮਾਮਲੇ ਵਿਭਾਗ ਪੰਜਾਬ ।

Annexure II

**Copy of letter No.15 (1)/2012-Py-III (367559) Dated 09.03.2023 received from Shri Inderdeep Kandwal, Under Secretary (Py.III), Government of India, Ministry of Consumer Affairs, Food & Public Distribution, Department of Food & Public Distribution, Krishi Bhawan, New Delhi addressed to The Secretary, Food & Civil Supplies Department, Government of Punjab.**

**Subject:- Colour Coding of Gunny Bags to facilitate identification of crop year of stock for KMS 2023-24.**

Sir/Madam,

I am directed to say that it has been decided with the approval of Competent Authority to adopt **BLUE** Colour Coding for gunny bags for KMS 2023-24. The colour coding will be in the manner as indicated below:-

a. Stencil of Branding as per indenters' requirements shall be in **"BLUE"** colour.

b. Marking or stitching on the mouth of the bag after filling the grain will be done by the FCI/State Agencies in **"BLUE"** colour.

c. For identification marking of marketing season, there will be Colour Coded strip/s on every jute bag. Width of each strip will be of 4 threads. Each strip will be running along the length of the Bag and shall be in " **BLUE**" coluor.

**For bags to be supplied through Jute Commissioner of India.**

d. (i) Single strip is to be printed for bags to be supplied through Jute Commissioner of India. This single strip shall be printed at a distance of about 150 mm away from any selvedge of the bag.

d. (ii) For supply of jute bags to Andhra Pradesh, Telangana, Tamil Nadu, Kerala and Karnataka through Jute Commissioner' of India, an additional Black colour strip will be printed on each bag at a distance of about 150 mm away from other selvedge of the bag.

**For bags not purchased through Jute Commissioner of India.**

e. For jute bags not purchased through Jute Commissioner of India, two strips shall be printed on each bag. Each of two strips shall be printed at a distance of about 150 mm away from the respective selvedges of each bag.

**Yours faithfully,**
**Sd/-**
**(Inderdeep Kandwal),**
**Under Secretary (Py.III),**
**Ph. 011-23384448**

---

**GOVERNMENT OF PUNJAB**
**FOOD, CIVIL SUPPLIES & CONSUMER AFFAIRS DEPARTMENT**
**ANAJ BHAWAN, SECTOR-39 C, CHANDIGARH**
**(FOOD PURCHASE BRANCH)**

**Endst. No. E-481126/2023/FP-1/** 634 **Dated Chandigarh 30.04.2023**

A copy of the above is forwarded to the following for information and necessary action: -

1. Managing Director, Markfed, Punsup, Pungrain & PSWC, Chandigarh.
2. General Manager, FCI (Punjab Region), Chandigarh.
3. Secretary, Punjab Mandi Board, Mandi Bhawan Sector- 65 A, SAS Nagar (Mohali).
4. Director, Agriculture Punjab Kheti Bhawan, Phase -6, SAS Nagar (Mohali).
5. All Deputy Commissioners in the State of Punjab.
6. All Branch Officer, Head Office..
7. Deputy Directors (Field), Food, Civil Supplies & Consumer Affairs, Ferozepur, Patiala, Jalandhar, Faridkot & Ropar.
8. All District Controllers, Food, Civil Supplies & Consumer Affairs-cum-District Manager, Pungrain in the State of Punjab.

**Joint Director (Procurement)**
**For: Director, Food, Civil Supplies & Consumer Affairs Punjab.**

**Endst. No. E-481126/2023/FP-1/**635 **Dated Chandigarh 30.04.2023**

A copy of the above is forwarded to the following for information please:-

1. Private Secretary/Secretary, Food Civil Supplies & Consumer Affairs Punjab.
2. Personal Assistant/ Director, Food Civil Supplies & Consumer Affairs Punjab.

**Joint Director (Procurement)**
**For: Director, Food, Civil Supplies & Consumer Affairs Punjab.**

Annexure III

## Empanelled VTS Vendors

| Sr No | Name of Firm/ Company Pvt Ltd | Address | Name of Contact Person | Contact No | Email id |
|---|---|---|---|---|---|
| 1 | R K Enterprises | Aggarwal Complex, Mahavir Chowk, Sangrur, Punjab | Rahul Garg | 9814112367 | rk@rkinterprises.com |
| 2 | iTriangle Infotech | 803/A, (803/A-1-3) 76th A Cross, Chord Rd, 6th Block, Rajajinagar, Bangaluru, Karnataka 260010 | Ashish Rawat | 9513992362<br>9999456171 | ashish@itriangle.in |
| | | | Kiran | 9739974445 | |
| | | | Pradeep | 9899100592 | |
| 3 | Blackbox GPS Technology | Unit No. E5D, 5th Floor, Tower B, Godrej Eternia, Plot No. 70. Industrial Area, Phase 1, Chandigarh | Harmeet Singh | 9216957626 | harmeet@blackboxgps.net |
| 4 | Atlanta System | M-135, 2nd Floor Connaught Place, New Delhi- 110001 | Niraj | 9312912400 | niraj@atlantsys.com |
| | | | Abhishek | 9990333780 | |
| 5 | APM Kingstrack | No. 813, 5th Floor, Nizara Bonanza, Opp LIC Building, Anna | Gayathri T | 9884574232 | info@apmkingstrack.com |
| | | | Dilshad | 9790954662 | |
| 6 | Ecogas Impex | Plot No. 51, New DLF Industrial Area, Faridabad, Haryana-121003 | Virender | 9871222833 | virender@ecogas.co.in, info@ecogas.co.in |
| 7 | eTrans Solutions | FD-404, SaltLake, Sector 3 Kotkata, PIN 700106 | Pramod Sharma | 9313884704 | pramod@etranssolutions.com |
| 8 | RDM Enterprises | Mustail No 280, Kila No 1/1,1/2, Near Bukhram Factory Ram Nagar, Palwal, Faridabad -121102 | Amit Walecha | 9996717788 | info@rdmenterprises.in |
| | | | Hemant | 9896050404 | |
| 9 | Unidad Techno Labs | Unidad Tower, Vadavathoor (P.O) Kottayam- 686010, Kerla | Helma | 9207381166 | corporateaffairs@unidadindia.com |
| | | | Manish | 8138916166 | |
| 10 | Creative Creations | St. No.2, New Kartar Nagar, Radha Swami Road Railway Crossing behind, Model Town, D Block Ludhiana, Punjab | Anand Goyal | 9914445555 | gourav@asdigitls.in |
| 11 | CE Info Systems Limited (MAP MY INDIA) | 237, Okhla Industrial Estate, Phase III, New Delhi-110020 | Nishant Saxena | 9717809988 | nishant@mapmyindia.com |
| | | | Vikrant Sharma | 9899111807 | |
| 12 | GRL Engineers | 31 IDC Industrial Area Hisar | Amit Bhardwaj | 7206955538 | info@grlengineers.net |
| | | | Upender | 9996031538 | |
| 13 | Sigma CCTV | Opposite Rani Market, Near SBI Kochar Market, Model Town, Ludhiana, Punjab | Kulwinder Singh | 9914445557 | sigma.cctv@gmail.com |
| 14 | Fleethunt Technologies | Office No 68, tangeyan Wali Gali Moga, Punjab - 142001 | Mandeep Singh | 9814860037 | info@fleethunt.in |
| 15 | Road Point Limited | E-243, East of Kailash, New Delhi-110065 | Rajan Chadda | 9999299994 | mandeep@roadpoint.in |
| | | | Bhuvan Chadda | 9041639056 | |
| | | | Mandeep Singh | 9873447830 | |
| 16 | Markon Electronics Corporation | U-1, Central Ground Floor, Green Park Extn, New Delhi-110016 | Vikrant Tuli | 9958986799 | admin@gpssystemindia.in |
| 17 | Mobil Fox | 33-B, Rishi Nagar, Ludhiana - 141001 | Manit Singla | 7042797795 | manit@mobilfox.in |